## ਕਿਹੜੇ ਟੈਸਟਾਂ ਦੀ ਲੋੜ ਪੈਂਦੀ ਹੈ?

ਕੈਨੇਡੀਅਨ ਬਲੱਡ ਸਰਵਿਸਜ਼ ਦੇ ਕੋਰਡ ਬਲੱਡ ਬੈਂਕ ਨੂੰ ਤੁਹਾਡੇ ਬਾਲ ਦੇ ਨਾੜੂਏ ਦੇ ਖੂਨ 'ਤੇ ਅਤੇ ਤੁਹਾਡੇ ਖੂਨ 'ਤੇ ਕੁਝ ਵਿਸ਼ੇਸ਼ ਟੈਸਟ ਕਰਨ ਦੀ ਲੋੜ ਪੈਂਦੀ ਹੈ ਤਾਂ ਜੋ ਸਟੋਰੇਜ਼ ਵਾਸਤੇ ਯੋਗਤਾ ਦਾ ਪਤਾ ਲਾਇਆ ਜਾ ਸਕੇ ਜਿਵੇਂ ਕਿ:

- ਦਾਨੀ ਦਾ ਮਰੀਜ਼ ਨਾਲ ਸੁਮੇਲ ਕਰਨ ਲਈ ਆਣੁਵਾਂਸ਼ਿਕ ਨਿਸ਼ਾਨ
- ਹਿਊਮਨ ਈਮਿਊਨੋਡੈਫੀਸ਼ੈਂਸੀ ਵਾਇਰਸ (HIV, ਉਹ ਵਾਇਰਸ ਜੋ AIDS ਦਾ ਕਾਰਨ ਬਣਦਾ ਹੈ)
- ਹੈਪਾਟਾਈਟਸ B ਅਤੇ C ਵਾਇਰਸ (HBV ਅਤੇ HCV)
- ਹਿਊਮਨ ਟੀ-ਲਿੰਫੋਟਰੌਪਿਕ ਵਾਇਰਸ (HTLV), ਆਤਸ਼ਿਕ ਅਤੇ ਵੈਸਟ ਨੀਲ ਵਾਇਰਸ (WNV)

## ਮੇਰੀ ਪਰਦੇਦਾਰੀ ਦੀ ਰੱਖਿਆ ਕਿਵੇਂ ਕੀਤੀ ਜਾਂਦੀ ਹੈ?

ਕੈਨੇਡੀਅਨ ਬਲੱਡ ਸਰਵਿਸਜ਼ ਤੁਹਾਡੀ ਪਰਦੇਦਾਰੀ ਅਤੇ ਨਿੱਜੀ ਜਾਣਕਾਰੀ ਦੀ ਰੱਖਿਆ ਕਰਨ ਲਈ ਦ੍ਰਿੜ ਸੰਕਲਪ ਹੈ। ਕਿਰਪਾ ਕਰਕੇ ਵਧੇਰੇ ਜਾਣਕਾਰੀ ਵਾਸਤੇ www.blood.ca/cordblood 'ਤੇ ਸਾਡਾ ਪਰਦੇਦਾਰੀ ਬਾਰੇ ਨੋਟਿਸ ਪੜ੍ਹੋ।

## ਮੇਰੇ ਬਾਲ ਦੇ ਨਾੜੂਏ ਦੇ ਖੂਨ ਨੂੰ ਕਿਸ ਵਾਸਤੇ ਵਰਤਿਆ ਜਾਵੇਗਾ?

ਕੈਨੇਡੀਅਨ ਬਲੱਡ ਸਰਵਿਸਜ਼ ਦਾ ਕੋਰਡ ਬਲੱਡ ਬੈਂਕ, ਕੈਨੇਡਾ ਜਾਂ ਵਿਸ਼ਵ-ਭਰ ਵਿੱਚ ਗੈਰ-ਸਬੰਧਿਤ ਸਟੈੱਮ ਸੈੱਲ ਪ੍ਰਤੀਰੋਪਣ ਦੀ ਲੋੜ ਵਾਲੇ ਕਿਸੇ ਵੀ ਮਰੀਜ਼ ਵਾਸਤੇ ਨਾੜੂਏ ਦੇ ਖੂਨ ਨੂੰ ਉਪਲਬਧ ਕਰਾਉਣ ਲਈ ਇਸਨੂੰ ਇਕੱਤਰ ਕਰਦਾ, ਟੈਸਟ ਕਰਦਾ ਅਤੇ ਸਟੋਰ ਕਰਦਾ ਹੈ। ਕਦੇ-ਕਦਾਈਂ, ਨਾੜੂਏ ਦੇ ਖੂਨ ਨੂੰ ਹੋਰ ਮਕਸਦਾਂ ਵਾਸਤੇ ਵਰਤਿਆ ਜਾ ਸਕਦਾ ਹੈ ਜਿਵੇਂ ਕਿ ਗੁਣਵਤਾ ਕੰਟਰੋਲ ਜਾਂ ਪ੍ਰਕਿਰਿਆ ਅਤੇ ਉਤਪਾਦ ਵਿੱਚ ਸੁਧਾਰ ਵਾਸਤੇ।

ਇਸ ਗੱਲ 'ਤੇ ਨਿਰਭਰ ਕਰਨ ਅਨੁਸਾਰ ਕਿ ਤੁਹਾਡੇ ਬਾਲ ਦੇ ਨਾੜੂਏ ਦਾ ਖੂਨ ਕਿਸ ਹਸਪਤਾਲ ਵਿੱਚ ਇਕੱਤਰ ਕੀਤਾ ਜਾਂਦਾ ਹੈ, ਸਟੋਰੇਜ਼ ਲਈ ਅਯੋਗ ਨਾੜੂਏ ਦਾ ਖੂਨ:

- ਤੁਹਾਡੀ ਸਹਿਮਤੀ ਨਾਲ ਕੈਨੇਡੀਅਨ ਬਲੱਡ ਸਰਵਿਸਜ਼ ਦੇ ਕੋਰਡ ਬਲੱਡ ਬੈਂਕ ਦੁਆਰਾ ਖੋਜ ਦੇ ਮਕਸਦਾਂ ਵਾਸਤੇ ਵਰਤਿਆ ਅਤੇ/ਜਾਂ ਵੰਡਿਆ ਜਾ ਸਕਦਾ ਹੈ,
- ਹਸਪਤਾਲ ਨੂੰ ਵਾਪਸ ਕੀਤਾ ਜਾ ਸਕਦਾ ਹੈ, ਜਿੱਥੇ ਇਹ ਤੁਹਾਡੀ ਸਹਿਮਤੀ ਨਾਲ, ਖੋਜ ਦੇ ਮਕਸਦਾਂ ਵਾਸਤੇ ਵਰਤਿਆ ਅਤੇ/ਜਾਂ ਵੰਡਿਆ ਜਾ ਸਕਦਾ ਹੈ, ਜਾਂ
- ਖਾਰਜ ਕੀਤਾ ਜਾ ਸਕਦਾ ਹੈ।

## ਮੈਂ ਹੋਰ ਕਿਸ ਤਰ੍ਹਾਂ ਮਦਦ ਕਰ ਸਕਦੀ ਹਾਂ?

ਬਹੁਤ ਸਾਰੇ ਤਰੀਕੇ ਹਨ ਜਿੰਨ੍ਹਾਂ ਨਾਲ ਤੁਸੀਂ ਅਤੇ ਤੁਹਾਡਾ ਪਰਿਵਾਰ ਅਤੇ ਦੋਸਤ ਮਦਦ ਕਰ ਸਕਦੇ ਹੋ:

- ਸਟੈੱਮ ਸੈੱਲ ਦਾਨ ਕਰਨ ਲਈ ਪੰਜੀਕਰਨ ਕਰੋ। ਜੇ ਤੁਸੀਂ 17 ਅਤੇ 35 ਸਾਲਾਂ ਦੇ ਵਿਚਕਾਰ ਹੋ, ਤਾਂ ਤੁਸੀਂ OneMatch ਸਟੈੱਮ ਸੈੱਲ ਅਤੇ ਮਾਰੋ ਨੈੱਟਵਰਕ ਵਿੱਚ ਸ਼ਾਮਲ ਹੋ ਸਕਦੇ ਹੋ। www.blood.ca/stem-cells 'ਤੇ ਵਧੇਰੇ ਜਾਣਕਾਰੀ ਹਾਸਲ ਕਰੋ
- ਖੂਨ ਦਾਨ ਕਰੋ। ਜੇ ਤੁਸੀਂ 17 ਸਾਲ ਜਾਂ ਇਸਤੋਂ ਵੱਡੀ ਉਮਰ ਦੇ ਹੋ ਤਾਂ ਤੁਸੀਂ ਸਾਬਤ ਖੂਨ, ਪਲੇਟਲੈੱਟਸ ਜਾਂ ਪਲਾਜ਼ਮਾ ਦਾਨ ਕਰ ਸਕਦੇ ਹੋ। www.blood.ca 'ਤੇ ਵਧੇਰੇ ਜਾਣਕਾਰੀ ਹਾਸਲ ਕਰੋ
- ਇੱਕ ਸਵੈਸੇਵੀ ਬਣੋ: www.blood.ca/volunteers

Maternal Education and Recruitment program provided through the generous support of Bayer Inc.
Bayer

CANADIAN BLOOD SERVICES
CORD BLOOD BANK

Visit blood.ca/cordblood

Download on the App Store · GET IT ON Google play



# ਨਾੜੂਏ ਦਾ ਖੂਨ ਦਾਨ ਕਰਨ ਬਾਰੇ ਜਾਣਕਾਰੀ

Canadian Blood Services
*it's in you to give*



ਕੈਨੇਡੀਅਨ ਬਲੱਡ ਸਰਵਿਸਜ਼ ਦੇ ਕੋਰਡ ਬਲੱਡ ਬੈਂਕ (Cord Blood Bank) ਲਈ ਦਾਨ ਕਰਨ 'ਤੇ ਵਿਚਾਰ ਕਰਨ ਲਈ ਤੁਹਾਡਾ ਧੰਨਵਾਦ। ਨਾੜੂਏ ਦਾ ਖ਼ੂਨ (umbilical cord blood) ਖ਼ੂਨ ਵਿਚਲੇ ਸਟੈੱਮ ਸੈਲਾਂ ਦਾ ਇੱਕ ਡਾਕਟਰੀ ਤੌਰ 'ਤੇ ਸਾਬਤ ਕੀਤਾ ਜਾ ਚੁੱਕਾ ਸਰੋਤ ਹੈ ਜੋ ਕਿਸੇ ਜ਼ਿੰਦਗੀ ਨੂੰ ਬਚਾਉਣ ਵਿੱਚ ਮਦਦ ਕਰ ਸਕਦਾ ਹੈ। ਅੱਜ ਹੀ www.blood.ca/cordblood 'ਤੇ ਨਾੜੂਏ ਦਾ ਖ਼ੂਨ ਦਾਨ ਕਰਨ ਬਾਰੇ ਵਧੇਰੇ ਜਾਣਕਾਰੀ ਲਓ।

## ਕੈਨੇਡੀਅਨ ਬਲੱਡ ਸਰਵਿਸਜ਼ ਦਾ ਕੋਰਡ ਬਲੱਡ ਬੈਂਕ ਕੀ ਹੈ?

ਕੈਨੇਡੀਅਨ ਬਲੱਡ ਸਰਵਿਸਜ਼ ਦਾ ਕੋਰਡ ਬਲੱਡ ਬੈਂਕ:

- ਕਿਸੇ ਮਨੋਨੀਤ ਇਕੱਤਰੀਕਰਨ ਹਸਪਤਾਲ ਵਿਖੇ ਬੱਚੇ ਨੂੰ ਜਨਮ ਦੇ ਰਹੀਆਂ ਸਿਹਤਮੰਦ, ਸਵੈਸੇਵੀ ਮਾਵਾਂ ਦੀ ਭਰਤੀ ਕਰਦਾ ਹੈ;
- ਨਾੜੂਏ ਅਤੇ ਔਲ (placenta) ਤੋਂ ਖ਼ੂਨ ਵਿਚਲੇ ਯੋਗ ਸਟੈੱਮ ਸੈਲਾਂ ਨੂੰ ਇਕੱਤਰ ਕਰਦਾ, ਟੈਸਟ ਕਰਦਾ ਅਤੇ ਸਟੋਰ ਕਰਦਾ ਹੈ;
- ਕੈਨੇਡਾ ਜਾਂ ਵਿਸ਼ਵ-ਭਰ ਵਿੱਚ ਕਿਤੇ ਵੀ ਕਿਸੇ ਗ਼ੈਰ-ਸਬੰਧਿਤ ਸਟੈੱਮ ਸੈੱਲ ਪ੍ਰਤੀਰੋਪਣ ਦੀ ਲੋੜ ਵਾਲੇ ਕਿਸੇ ਵੀ ਮਰੀਜ਼ ਵਾਸਤੇ ਨਾੜੂਏ ਦੇ ਖ਼ੂਨ ਦੇ ਯੂਨਿਟ ਉਪਲਬਧ ਕਰਾਉਂਦਾ ਹੈ;
- ਤੁਹਾਡੇ ਕੋਲੋਂ ਬਿਨਾਂ ਕੋਈ ਖ਼ਰਚਾ ਲੈਣ ਦੇ ਦਿੱਤੇ ਗਏ ਦਾਨ ਇਕੱਤਰ ਕਰਦਾ ਹੈ। ਕੈਨੇਡੀਅਨ ਬਲੱਡ ਸਰਵਿਸਜ਼ ਦਾ ਕੋਰਡ ਬਲੱਡ ਬੈਂਕ ਕਿਸੇ ਨਿੱਜੀ ਕੋਰਡ ਬਲੱਡ ਬੈਂਕ ਦੇ ਨਾਲ ਜੁੜਿਆ ਹੋਇਆ ਨਹੀਂ ਹੈ। ਦਾਨ ਕੀਤੇ ਨਾੜੂਏ ਦੇ ਖ਼ੂਨ ਨੂੰ ਤੁਹਾਡੇ ਪਰਿਵਾਰ ਦੀ ਵਰਤੋਂ ਲਈ ਰਾਖਵਾਂ ਰੱਖਣ ਵਾਸਤੇ, ਕਿਰਪਾ ਕਰਕੇ ਇਹ ਬੰਦੋਬਸਤ ਸਿੱਧੇ ਤੌਰ 'ਤੇ ਕਿਸੇ ਨਿੱਜੀ ਕੋਰਡ ਬਲੱਡ ਬੈਂਕ ਕੋਲ ਕਰੋ।

## ਮੈਂ ਆਪਣੇ ਬਾਲ ਦੇ ਨਾੜੂਏ ਦਾ ਖ਼ੂਨ ਕਿੱਥੇ ਦਾਨ ਕਰ ਸਕਦੀ ਹਾਂ?

ਓਟਾਵਾ: ਓਟਾਵਾ ਹਸਪਤਾਲ, ਸਿਵਿਕ ਕੈਂਪਸ ਜਾਂ ਜਨਰਲ ਕੈਂਪਸ

ਬਰੈਮਪਟਨ – ਜੀ.ਟੀ.ਏ. : ਵਿਲੀਅਮ ਓਸਲਰ ਹੈਲਥ ਸਿਸਟਮ, ਬਰੈਮਪਟਨ ਸਿਵਿਕ ਹਸਪਤਾਲ

ਈਡਮੌਂਟਨ: ਅਲਬਰਟਾ ਹੈਲਥ ਸਰਵਿਸਜ਼ ਦਾ ਲੋਇਸ ਹੋਲ ਹਾਸਪੀਟਲ ਫਾਰ ਵਿਮਨ

ਵੈਨਕੂਵਰ: ਬੀ.ਸੀ. ਵਿਮਨਜ਼ ਹਾਸਪੀਟਲ ਐਂਡ ਹੈਲਥ ਸੈਂਟਰ

## ਕੀ ਮੈਂ ਕੈਨੇਡੀਅਨ ਬਲੱਡ ਸਰਵਿਸਜ਼ ਦੇ ਕੋਰਡ ਬਲੱਡ ਬੈਂਕ ਨੂੰ ਦਾਨ ਦੇਣ ਲਈ ਯੋਗਤਾ ਰੱਖਦੀ ਹਾਂ?

ਤੁਸੀਂ ਦਾਨ ਕਰ ਸਕਦੇ ਹੋ ਜੇ ਤੁਸੀਂ:

- ਸਿਹਤਮੰਦ (ਮਾਂ ਅਤੇ ਬਾਲ) ਹੋ ਜਿੰਨ੍ਹਾਂ ਨੂੰ ਕੋਈ ਅਜਿਹੀਆਂ ਡਾਕਟਰੀ ਬਿਮਾਰੀਆਂ ਨਾ ਹੋਣ ਜੋ ਕਿਸੇ ਮਰੀਜ਼ ਨੂੰ ਦਿੱਤੀਆਂ ਜਾ ਸਕਣ
- ਆਪਣੀ ਦਸਤਖਤ ਕੀਤੀ ਸਹਿਮਤੀ ਦੇ ਨਾਲ, 18 ਸਾਲ ਜਾਂ ਇਸਤੋਂ ਵੱਧ ਉਮਰ ਦੇ ਹੋ
- ਆਪਣੀ ਗਰਭਅਵਸਥਾ ਵਿੱਚ 34 ਹਫਤਿਆਂ ਤੋਂ ਪਹਿਲਾਂ ਬੱਚੇ ਨੂੰ ਜਨਮ ਨਹੀਂ ਦੇ ਰਹੇ
- ਤੁਹਾਡੇ ਜੁੜਵੇਂ ਜਾਂ ਤਿੜਵੇਂ (ਜਾਂ ਵਧੇਰੇ) ਬੱਚੇ ਪੈਦਾ ਨਹੀਂ ਹੋ ਰਹੇ
- ਬਿਨਾਂ ਅਟਕੇ ਅੰਗਰੇਜ਼ੀ ਜਾਂ ਫਰੈਂਚ ਬੋਲਦੇ ਹੋ
- ਤੁਸੀਂ ਪੰਜ ਮਨੋਨੀਤ ਉਗਰਾਹੀ ਹਸਪਤਾਲਾਂ ਵਿੱਚੋਂ ਕਿਸੇ ਇੱਕ ਵਿੱਚ ਬੱਚੇ ਨੂੰ ਜਨਮ ਦੇ ਰਹੇ ਹੋ

ਇਹ ਦੇਖਣ ਲਈ ਆਪਣੇ ਸਿਹਤ ਸੰਭਾਲ ਪ੍ਰਦਾਨਕ ਨਾਲ ਗੱਲ ਕਰੋ ਕਿ ਕੀ ਤੁਸੀਂ ਨਾੜੂਏ ਦੇ ਖ਼ੂਨ ਨੂੰ ਦਾਨ ਕਰਨ ਵਾਸਤੇ ਉਮੀਦਵਾਰ ਹੋ।

ਕੀ ਮੇਰੇ ਬਾਲ ਜਾਂ ਖੁਦ ਮੈਨੂੰ ਕੋਈ ਖਤਰੇ ਹਨ?
ਕੈਨੇਡੀਅਨ ਬਲੱਡ ਸਰਵਿਸਜ਼ ਦਾ ਕੋਰਡ ਬਲੱਡ ਬੈਂਕ ਬੱਚੇ ਦੀ ਪੈਦਾਇਸ਼ ਦੀ ਕੁਦਰਤੀ ਪ੍ਰਕਿਰਿਆ ਵਿੱਚ ਦਖਲ ਨਹੀਂ ਦਿੰਦਾ। ਤੁਹਾਡੀ ਸਿਹਤ ਅਤੇ ਤੁਹਾਡੇ ਬਾਲ ਦੀ ਸਿਹਤ ਨੂੰ ਖਤਰੇ ਬਹੁਤ ਘੱਟ ਹਨ, ਕਿਉਂਕਿ ਖ਼ੂਨ ਵਿਚਲੇ ਸਟੈੱਮ ਸੈਲਾਂ ਨੂੰ ਨਾੜੂਏ/ਔਲ ਤੋਂ ਤੁਹਾਡੇ ਬੱਚੇ ਦੀ ਪੈਦਾਇਸ਼ ਦੇ ਬਾਅਦ ਇਕੱਤਰ ਕੀਤਾ ਜਾਂਦਾ ਹੈ।

## ਮੈਂ ਆਪਣੇ ਬਾਲ ਦੇ ਨਾੜੂਏ ਦੇ ਖ਼ੂਨ ਨੂੰ ਕਿਵੇਂ ਦਾਨ ਕਰਾਂ?

ਇਸ ਵਿੱਚ ਕੇਵਲ 4 ਆਸਾਨ ਕਦਮ ਹਨ:

ਕਦਮ 1 ਆਪਣੇ ਸਿਹਤ ਸੰਭਾਲ ਪ੍ਰਦਾਨਕ ਨਾਲ ਗੱਲ ਕਰੋ। ਉਹ ਤੁਹਾਨੂੰ ਲੋੜੀਂਦੀ ਜਾਣਕਾਰੀ ਦੇਣਗੇ। ਜਾਂ, ਸਾਡੀ ਵੈੱਬਸਾਈਟ, www.blood.ca/cordblood ਤੋਂ ਜਾਣਕਾਰੀ ਕਿੱਟ ਡਾਊਨਲੋਡ ਕਰੋ।

ਕਦਮ 2 ਸਹਿਮਤੀ ਫਾਰਮ ਭਰੋ। ਇਸਨੂੰ ਆਪਣੇ ਸਿਹਤ-ਸੰਭਾਲ ਪ੍ਰਦਾਨਕ ਨੂੰ ਦਿਓ ਜਾਂ ਇਸਨੂੰ ਤੁਹਾਡੇ ਬੱਚੇ ਦੀ ਪੈਦਾਇਸ਼ ਦੇ ਦਿਨ ਆਪਣੇ ਨਾਲ ਲੈਕੇ ਆਓ। ਆਪਣੀ ਨਰਸ ਜਾਂ ਸਿਹਤ-ਸੰਭਾਲ ਪ੍ਰਦਾਨਕ ਨੂੰ ਤੁਹਾਡੇ ਦਾਨ ਕਰਨ ਦੇ ਇਰਾਦੇ ਬਾਰੇ ਦੱਸੋ।

ਕਦਮ 3 ਨਾੜੂਏ ਦਾ ਖ਼ੂਨ ਇਕੱਤਰ ਕਰਨਾ। ਨਾੜੂਏ ਦੇ ਖ਼ੂਨ ਨੂੰ ਕਿਸੇ ਮਨੋਨੀਤ ਹਸਪਤਾਲ ਵਿੱਚ ਕਿਸੇ ਯੋਗਤਾ ਪ੍ਰਾਪਤ ਪੇਸ਼ੇਵਰ ਦੁਆਰਾ ਇਕੱਤਰ ਕੀਤਾ ਜਾਵੇਗਾ।

ਕਦਮ 4 ਜੇ ਤੁਹਾਡੇ ਬਾਲ ਦੇ ਨਾੜੂਏ ਦੇ ਖ਼ੂਨ ਦਾ ਯੂਨਿਟ ਯੋਗਤਾ ਪੂਰੀ ਕਰਦਾ ਹੈ, ਤਾਂ ਵਧੀਕ ਜਾਣਕਾਰੀ ਲੈਣ ਲਈ ਤੁਹਾਡੇ ਹਸਪਤਾਲ ਵਿੱਚੋਂ ਜਾਣ ਤੋਂ ਪਹਿਲਾਂ ਇੱਕ ਨਰਸ ਤੁਹਾਨੂੰ ਮਿਲਣ ਆ ਸਕਦੀ ਹੈ ਜਿਸ ਵਿੱਚ ਇੱਕ ਦੂਜੀ ਸਹਿਮਤੀ, ਖ਼ੂਨ 'ਤੇ ਕਾਰਜ ਅਤੇ ਇੱਕ ਪ੍ਰਸ਼ਨਾਵਲੀ ਸ਼ਾਮਲ ਹੋ ਸਕਦੇ ਹਨ।

## ਨਾੜੂਏ ਦੇ ਖ਼ੂਨ ਵਿਚਲੇ ਸਟੈੱਮ ਸੈੱਲ ਕੀ ਹੁੰਦੇ ਹਨ?

ਨਾੜੂਏ ਦੇ ਖ਼ੂਨ ਵਿਚਲੇ ਸਟੈੱਮ ਸੈੱਲ ਉਹ ਗੈਰ-ਪ੍ਰੌੜ ਸੈੱਲ ਹੁੰਦੇ ਹਨ ਜੋ ਲਹੂ ਦੇ ਗੇੜ ਵਿੱਚ ਪਾਏ ਜਾਂਦੇ ਸੈੱਲਾਂ ਨੂੰ ਜਨਮ ਦਿੰਦੇ ਹਨ: ਤੁਹਾਡੇ ਸਰੀਰ ਵਿੱਚ ਆਕਸੀਜਨ ਲੈਕੇ ਜਾਣ ਲਈ ਲਹੂ ਦੇ ਲਾਲ ਸੈੱਲ, ਖ਼ੂਨ ਦੇ ਜੰਮਣ ਵਾਸਤੇ ਪਲੇਟਲੈੱਟਸ ਅਤੇ ਲਾਗਾਂ ਨਾਲ ਲੜਨ ਲਈ ਲਹੂ ਦੇ ਸਫੈਦ ਸੈੱਲ।

Canadian Blood Services
Société canadienne du sang

# ਨਾੜੂਏ ਦੇ ਖੂਨ ਨੂੰ ਇਕੱਤਰ ਕਰਨ ਲਈ ਇਜਾਜ਼ਤ ਬਾਰੇ ਜਾਣਕਾਰੀ

ਭੂਮਿਕਾ**:** ਕੈਨੇਡੀਅਨ ਬਲੱਡ ਸਰਵਿਸਜ਼ ਦੀ ਕੋਰਡ ਬਲੱਡ ਬੈਂਕ ਨਾੜੂਏ ਦੇ ਖੂਨ ਵਾਸਤੇ ਇੱਕ ਬਲੱਡ ਬੈਂਕ ਦਾ ਨਿਰਮਾਣ ਕਰ ਰਹੀ ਹੈ ਜੋ ਕੈਨੇਡਾ ਦੀ ਨਸਲੀ ਵਿਭਿੰਨਤਾ ਦੀ ਝਲਕ ਦਿੰਦਾ ਹੈ। ਹਸਪਤਾਲ ਦੇ ਡਾਕਟਰਾਂ, ਦਾਈਆਂ ਅਤੇ/ਜਾਂ ਨਰਸਾਂ ਦੀ ਮਦਦ ਨਾਲ, ਕੈਨੇਡੀਅਨ ਬਲੱਡ ਸਰਵਿਸਜ਼ ਦੀ ਕੋਰਡ ਬਲੱਡ ਬੈਂਕ ਦਾਨ ਕੀਤੇ ਮਨੁੱਖੀ ਨਾੜੂਏ ਦੇ ਖੂਨ ਨੂੰ ਇਕੱਤਰ ਕਰਦੀ ਹੈ, ਟੈਸਟ ਕਰਦੀ ਹੈ, ਸਟੋਰ ਕਰਦੀ ਹੈ ਅਤੇ ਇਸਦਾ ਆਵੰਡਨ ਕਰਦੀ ਹੈ।
ਨਿਮਨਲਿਖਤ ਜਾਣਕਾਰੀ ਤੁਹਾਨੂੰ ਪ੍ਰੋਗਰਾਮ ਦਾ ਮਕਸਦ ਦੱਸਣ ਲਈ ਪ੍ਰਦਾਨ ਕੀਤੀ ਗਈ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਇੱਕ ਸਵੈਸੇਵੀ ਭਾਗੀਦਾਰ ਵਜੋਂ ਸਹਿਮਤ ਹੋਣ ਲਈ ਤੁਹਾਨੂੰ ਕੀ ਪੁੱਛਿਆ ਜਾਵੇਗਾ ਅਤੇ ਸੰਭਾਵੀ ਜੋਖਮ ਅਤੇ ਲਾਭ ਕੀ ਹਨ। ਪ੍ਰੋਗਰਾਮ ਵਿੱਚ ਭਾਗ ਨਾ ਲੈਣ ਦੀ ਚੋਣ ਕਰਨ ਦਾ ਤੁਹਾਡੇ 'ਤੇ ਜਾਂ ਤੁਹਾਡੇ ਪਰਿਵਾਰ ਦੀ ਡਾਕਟਰੀ ਸੰਭਾਲ 'ਤੇ ਕੋਈ ਅਸਰ ਨਹੀਂ ਪਵੇਗਾ। ਤੁਹਾਨੂੰ ਕਿਸੇ ਵੀ ਸਮੇਂ ਸਵਾਲ ਪੁੱਛਣ ਲਈ ਕੋਰਡ ਬਲੱਡ ਬੈਂਕ ਨਾਲ 1 888 2 DONATE (1-888-236-6283) 'ਤੇ ਸੰਪਰਕ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

ਨਾੜੂਏ ਦੇ ਖੂਨ ਨੂੰ ਦਾਨ ਕਿਉਂ ਕਰੀਏ**?** ਨਾੜੂਏ ਦੇ ਖੂਨ ਵਿੱਚ ਬਲੱਡ ਸਟੈੱਮ ਸੈੱਲ ਹੁੰਦੇ ਹਨ। ਜਨਮ ਤੋਂ ਪਹਿਲਾਂ ਤੁਹਾਡੇ ਬੱਚੇ ਵੱਲੋਂ ਪੈਦਾ ਕੀਤੇ ਗਏ ਬਲੱਡ ਸਟੈੱਮ ਸੈੱਲ ਤੁਹਾਡੇ ਬੱਚੇ ਦੇ ਸਰੀਰ, ਨਾੜੂਏ ਅਤੇ ਔਲ਼ ਵਿੱਚ ਚੱਕਰ ਲਗਾਉਂਦੇ ਹਨ। ਤੁਹਾਡੇ ਬੱਚੇ ਦੇ ਪੈਦਾ ਹੋਣ ਦੇ ਬਾਅਦ, ਨਾੜੂਏ ਨੂੰ ਕੱਟ ਦਿੱਤਾ ਜਾਂਦਾ ਹੈ ਅਤੇ ਔਲ਼, ਜਾਂ "ਆਫਟਰ-ਬਰਥ", ਬਾਹਰ ਆ ਜਾਂਦੀ ਹੈ। ਔਲ਼ ਅਤੇ/ਜਾਂ ਨਾੜੂਏ ਤੋਂ ਇਕੱਤਰ ਕੀਤੇ ਬਲੱਡ ਸਟੈੱਮ ਸੈੱਲਾਂ ਨੂੰ ਲੁਕੀਮੀਆ, ਹੱਡੀ ਦੀ ਮਿੱਝ ਦੇ ਫੇਲ੍ਹ ਹੋਣ ਅਤੇ ਹੋਰ ਗੰਭੀਰ ਵਿਕਾਰਾਂ ਵਾਲੇ ਲੋਕਾਂ ਦਾ ਇਲਾਜ ਕਰਨ ਲਈ ਵਰਤਿਆ ਜਾ ਸਕਦਾ ਹੈ। ਕੋਰਡ ਬਲੱਡ ਬੈਂਕ ਨੂੰ ਦਾਨ ਕੀਤਾ ਨਾੜੂਏ ਦਾ ਖੂਨ ਕਿਸੇ ਵੀ ਅਜਿਹੇ ਮਰੀਜ਼ ਦੁਆਰਾ ਵਰਤਿਆ ਜਾ ਸਕਦਾ ਹੈ ਜਿਸਨੂੰ ਕੈਨੇਡਾ ਜਾਂ ਸੰਸਾਰ ਵਿੱਚ ਕਿਤੇ ਵੀ ਪ੍ਰਤੀਰੋਪਣ ਵਾਸਤੇ ਇਸ ਦੀ ਲੋੜ ਹੋ ਸਕਦੀ ਹੈ। ਕੁਝ ਨਿੱਜੀ ਕੰਪਨੀਆਂ ਵੀ ਹਨ ਜੋ ਇੱਕ ਫੀਸ ਲੈਕੇ ਪਰਿਵਾਰ ਦੁਆਰਾ ਸਿੱਧੀ ਵਰਤੋਂ ਕੀਤੇ ਜਾਣ ਵਾਸਤੇ ਨਾੜੂਏ ਦੇ ਖੂਨ ਨੂੰ ਸਾਂਭ ਕੇ ਰੱਖਦੀਆਂ ਹਨ, ਪਰ ਇਹ ਹੋਰ ਲੋੜਵੰਦਾਂ ਦੁਆਰਾ ਵਰਤੋਂ ਕੀਤੇ ਜਾਣ ਵਾਸਤੇ ਜਨਤਕ ਤੌਰ 'ਤੇ ਉਪਲਬਧ ਨਹੀਂ ਹੁੰਦਾ। ਨਿੱਜੀ ਬੈਂਕਾਂ ਕੈਨੇਡੀਅਨ ਬਲੱਡ ਸਰਵਿਸਜ਼ ਨਾਲ ਜੁੜੀਆਂ ਨਹੀਂ ਹੁੰਦੀਆਂ ਅਤੇ ਤੁਹਾਡੇ ਲਈ ਉਹਨਾਂ ਨਾਲ ਸਿੱਧੇ ਤੌਰ 'ਤੇ ਸੰਪਰਕ ਕਰਨਾ ਲਾਜ਼ਮੀ ਹੈ ਜੇਕਰ ਇਹ ਵਿਕਲਪ ਤੁਹਾਡੀ ਦਿਲਚਸਪੀ ਜਗਾਉਂਦਾ ਹੈ। *ਇੱਕ ਵਾਰ ਜਦ ਤੁਹਾਡੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਇਕੱਤਰ ਕਰ ਲਿਆ ਜਾਂਦਾ ਹੈ, ਤਾਂ ਇਸ ਨੂੰ ਕਿਸੇ ਨਿੱਜੀ ਬੈਂਕ ਕੋਲ ਤਬਦੀਲ ਨਹੀਂ ਕੀਤਾ ਜਾ ਸਕਦਾ।*

ਵਰਣਨ**:** ਤੁਹਾਨੂੰ ਆਪਣੇ ਡਾਕਟਰ, ਦਾਈ ਅਤੇ/ਜਾਂ ਕੋਰਡ ਬਲੱਡ ਬੈਂਕ ਦੇ ਅਮਲੇ ਨੂੰ ਤੁਹਾਡੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਇਕੱਤਰ ਕਰਨ ਦੀ ਇਜਾਜ਼ਤ ਦੇਣ ਲਈ ਪੁੱਛਿਆ ਜਾ ਰਿਹਾ ਹੈ ਜੋ ਤੁਹਾਡੇ ਬੱਚੇ ਦੇ ਜਨਮ ਦੇ ਬਾਅਦ ਔਲ਼ ਵਿੱਚ ਅਤੇ ਇਸ ਦੇ ਨਾਲ ਜੁੜੇ ਨਾੜੂਏ ਵਿੱਚ ਬਾਕੀ ਬਚਿਆ ਹੁੰਦਾ ਹੈ। ਨਾੜੂਏ ਦੇ ਖੂਨ ਨੂੰ ਇਕੱਤਰ ਕਰਕੇ, ਤੁਹਾਡਾ ਡਾਕਟਰ ਜਾਂ ਦਾਈ ਸਵੈਇੱਛਾ ਨਾਲ ਨਾੜੂਏ ਦੇ ਖੂਨ ਨੂੰ ਇਕੱਤਰ ਕਰਨ ਵਿੱਚ ਕੈਨੇਡੀਅਨ ਬਲੱਡ ਸਰਵਿਸਜ਼ ਦੀ ਮਦਦ ਕਰ ਰਹੇ ਹਨ ਜੋ ਕਿ ਇਕੱਤਰ ਕਰਨ ਲਈ ਤੁਹਾਡੇ ਵੱਲੋਂ ਦਿੱਤੀ ਰਜ਼ਾਮੰਦੀ ਦੇ ਆਧਾਰ 'ਤੇ ਹੈ। ਨਾੜੂਏ ਦੇ ਖੂਨ ਨੂੰ ਇਕੱਤਰ ਕਰਨਾ ਬੱਚੇ ਦੀ ਪੈਦਾਇਸ਼ ਜਾਂ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਦੇਖਭਾਲ ਨੂੰ ਪ੍ਰਭਾਵਿਤ ਨਹੀਂ ਕਰੇਗਾ। ਇਕੱਤਰ ਕੀਤੇ ਜਾਣ ਦੇ ਬਾਅਦ, ਤੁਹਾਡੇ ਬੱਚੇ ਦੇ ਨਾੜੂਏ ਦੇ ਖੂਨ ਦੇ ਯੂਨਿਟ ਅਤੇ ਤੁਹਾਡੇ ਨਮੂਨੇ, ਜੇ ਕੋਈ ਹਨ, ਕੋਰਡ ਬਲੱਡ ਬੈਂਕ ਦੀ ਨਿਰਮਾਣ ਫੈਸਿਲਟੀ ਵਿਖੇ ਭੇਜੇ ਜਾਣਗੇ ਤਾਂ ਜੋ ਸਟੋਰੇਜ ਕਰਨ ਲਈ ਨਾੜੂਏ ਦੇ ਖੂਨ ਨੂੰ ਟੈਸਟ ਕਰਨ ਅਤੇ ਤਿਆਰ ਕਰਨ ਦਾ ਅਮਲ ਸ਼ੁਰੂ ਕੀਤਾ ਜਾ ਸਕੇ। ਫੇਰ ਨਾੜੂਏ ਦੇ ਖੂਨ ਦੇ ਯੂਨਿਟ ਅਤੇ ਖੂਨ ਦੇ ਨਮੂਨਿਆਂ ਨੂੰ ਇੱਕ ਸੁਰੱਖਿਅਤ ਟਿਕਾਣੇ ਵਿੱਚ ਪਾਇਆ ਜਾਂਦਾ ਹੈ ਜਦ ਤੱਕ ਸਾਰੇ ਪੜਤਾਲੀਆ ਟੈਸਟ ਪੂਰੇ ਨਹੀਂ ਹੋ ਜਾਂਦੇ। ਇਹਨਾਂ ਟੈਸਟਾਂ ਦੇ ਨਤੀਜੇ ਸਾਨੂੰ ਇਹ ਨਿਰਣਾ ਕਰਨ ਵਿੱਚ ਮਦਦ ਕਰਨਗੇ ਕਿ ਕੀ ਤੁਹਾਡੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਸਟੋਰ ਕੀਤਾ ਜਾ ਸਕਦਾ ਹੈ।

ਪਰਦੇਦਾਰੀ**:** ਤੁਹਾਨੂੰ ਕੋਰਡ ਬਲੱਡ ਬੈਂਕ ਦੇ ਅਮਲੇ ਨੂੰ ਤੁਹਾਡੇ ਅਤੇ ਤੁਹਾਡੇ ਬੱਚੇ ਦੇ ਡਾਕਟਰੀ ਰਿਕਾਰਡਾਂ ਦੀ ਸਮੀਖਿਆ ਕਰਨ ਦੀ ਇਜਾਜ਼ਤ ਦੇਣ ਲਈ ਵੀ ਪੁੱਛਿਆ ਜਾ ਰਿਹਾ ਹੈ (ਇਕੱਤਰ ਕਰਨ ਤੋਂ ਪਹਿਲਾਂ ਅਤੇ ਬਾਅਦ) ਤਾਂ ਜੋ ਇਹ ਦੇਖਿਆ ਜਾ ਸਕੇ ਕਿ ਤੁਹਾਡੇ ਬੱਚੇ ਦੇ ਨਾੜੂਏ ਦਾ ਖੂਨ ਸਟੋਰੇਜ ਵਾਸਤੇ ਲੋੜਾਂ ਦੀ ਪੂਰਤੀ ਕਰੇਗਾ। ਸਾਨੂੰ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਕੁਝ ਨਿੱਜੀ ਜਾਣਕਾਰੀ ਵੀ ਇਕੱਤਰ ਕਰਨ ਦੀ ਲੋੜ ਹੈ, ਜਿਸ ਵਿੱਚ ਤੁਹਾਡੇ ਡਾਕਟਰ ਕੋਲੋਂ ਸਿਹਤ ਮੁਲਾਂਕਣ, ਅਤੇ ਕੀਤੇ ਗਏ ਕਿਸੇ ਪ੍ਰਯੋਗਸ਼ਾਲਾ ਟੈਸਟਾਂ ਦੇ ਨਤੀਜੇ ਵੀ ਸ਼ਾਮਲ ਹਨ। ਇਸ ਸਮੀਖਿਆ ਦਾ ਮਕਸਦ ਇਹ ਪਛਾਣ ਕਰਨਾ ਹੈ ਕਿ ਕੀ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕੋਈ ਬਿਮਾਰੀਆਂ ਜਾਂ

Canadian Blood Services
Société canadienne du sang

# ਨਾੜੂਏ ਦੇ ਖ਼ੂਨ ਨੂੰ ਇਕੱਤਰ ਕਰਨ ਲਈ ਇਜਾਜ਼ਤ ਬਾਰੇ ਜਾਣਕਾਰੀ

ਡਾਕਟਰੀ ਅਵਸਥਾਵਾਂ ਤਾਂ ਨਹੀਂ ਹਨ ਜੋ ਕਿਸੇ ਉਸ ਮਰੀਜ਼ ਨੂੰ ਦਿੱਤੀਆਂ ਜਾ ਸਕਦੀਆਂ ਹਨ ਜੋ ਨਾੜੂਏ ਦੇ ਖ਼ੂਨ ਨੂੰ ਪ੍ਰਾਪਤ ਕਰ ਸਕਦਾ ਹੈ। ਜੇ ਕੋਈ ਅਵਸਥਾ ਜਾਂ ਬਿਮਾਰੀ ਮੌਜੂਦ ਹੈ, ਤਾਂ ਅਸੀਂ ਪ੍ਰਤੀਰੋਪਣ ਦੇ ਮਕਸਦ ਵਾਸਤੇ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਇਕੱਤਰ ਕਰਨ, ਟੈਸਟ ਕਰਨ ਜਾਂ ਸਟੋਰੇਜ ਕਰਨ ਦੇ ਅਮਲ ਵਿੱਚ ਹੋਰ ਅੱਗੇ ਨਹੀਂ ਵਧਾਂਗੇ। ਨਿੱਜੀ ਜਾਣਕਾਰੀ ਇਕੱਤਰ ਕਰਨ, ਵਰਤਣ ਅਤੇ ਇਸ ਦਾ ਖੁਲਾਸਾ ਕਰਨ ਬਾਰੇ ਅਗਲੇਰੀ ਜਾਣਕਾਰੀ ਵਾਸਤੇ ਕਿਰਪਾ ਕਰਕੇ ਨਾਲ ਦਿੱਤੇ ਪਰਦੇਦਾਰੀ ਦੇ ਨੋਟਿਸ ਦੀ ਸਮੀਖਿਆ ਕਰੋ।

<u>ਮੁਲਾਂਕਣ, ਸਟੋਰੇਜ ਅਤੇ ਪ੍ਰਤੀਰੋਪਣ:</u> ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਲਈ ਇਹ ਲਾਜ਼ਮੀ ਹੈ ਕਿ ਇਹ ਲੋੜਵੰਦ ਮਰੀਜ਼ਾਂ ਵਾਸਤੇ ਸਟੋਰੇਜ ਲਈ ਕੁਝ ਵਿਸ਼ੇਸ਼ ਘੱਟੋ-ਘੱਟ ਲੋੜਾਂ ਦੀ ਪੂਰਤੀ ਕਰੇ। ਜੇ ਸਾਰੀਆਂ ਲੋੜਾਂ ਦੀ ਪੂਰਤੀ ਕੀਤੀ ਜਾਂਦੀ ਹੈ, ਤਾਂ ਅਮਲੇ ਦਾ ਇੱਕ ਮੈਂਬਰ ਤੁਹਾਡੇ ਦੁਆਰਾ ਡਿਲੀਵਰੀ ਤੋਂ ਪਿੱਛੋਂ ਆਰਾਮ ਕਰਨ ਤੋਂ ਬਾਅਦ ਤੁਹਾਡੇ ਨਾਲ ਗੱਲ ਕਰਨ ਲਈ ਵਾਪਸ ਆਵੇਗਾ। ਅਮਲੇ ਦਾ ਮੈਂਬਰ ਤੁਹਾਡੇ ਨਾਲ ਪ੍ਰਤੀਰੋਪਣ ਲਈ ਸਟੋਰੇਜ ਵਾਸਤੇ ਵਿਸ਼ੇਸ਼ 'ਸੂਚਿਤ ਸਹਿਮਤੀ' ਫਾਰਮ ਬਾਰੇ ਵਿਚਾਰ-ਵਟਾਂਦਰਾ ਕਰੇਗਾ, ਤੁਹਾਡੇ ਡਾਕਟਰੀ ਇਤਿਹਾਸ ਅਤੇ ਆਮ ਸਿਹਤ ਨਾਲ ਸਬੰਧਿਤ ਸਵਾਲ ਪੁੱਛੇਗਾ, ਅਤੇ ਕੋਰਡ ਬਲੱਡ ਬੈਂਕ ਕੋਲ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਸਟੋਰ ਕਰਨ ਬਾਰੇ ਵਿਚਾਰ-ਵਟਾਂਦਰਾ ਕਰੇਗਾ। ਨਾਲ ਹੀ ਉਸ ਸਮੇਂ, ਤੁਹਾਨੂੰ ਇੱਕ ਖ਼ੂਨ ਦਾ ਨਮੂਨਾ ਪ੍ਰਦਾਨ ਕਰਾਉਣ ਲਈ ਕਿਹਾ ਜਾਵੇਗਾ ਜਿਸਨੂੰ HIV, ਹੈਪਾਟਾਈਟਸ ਅਤੇ ਹੋਰ ਸੰਕਰਮਣਯੋਗ ਬਿਮਾਰੀਆਂ ਵਾਸਤੇ ਟੈਸਟ ਕੀਤਾ ਜਾਵੇਗਾ। ਜੇ ਤੁਹਾਡੀਆਂ ਪ੍ਰਸੂਤੀ ਪੀੜਾਂ ਦੌਰਾਨ ਤੁਹਾਨੂੰ ਨਸ ਦੇ ਰਾਹੀਂ ਤਰਲ ਪਦਾਰਥ ਦਿੱਤੇ ਜਾਣ ਦੀ ਲੋੜ ਪੈਂਦੀ ਹੈ, ਤਾਂ ਅਸੀਂ ਨਸ ਵਿੱਚ ਸੂਈ ਲਗਾਏ ਜਾਣ ਦੇ ਸਮੇਂ ਸੰਕਰਮਣਯੋਗ ਬਿਮਾਰੀ ਲਈ ਟੈਸਟ ਕਰਨ ਵਾਸਤੇ ਇੱਕ ਖ਼ੂਨ ਦਾ ਨਮੂਨਾ ਪ੍ਰਦਾਨ ਕਰਾਏ ਜਾਣ ਲਈ ਕਹਿ ਸਕਦੇ ਹਾਂ। ਕੈਨੇਡੀਅਨ ਬਲੱਡ ਸਰਵਿਸਜ਼ ਦੀ ਨੀਤੀ ਦੇ ਅਨੁਸਾਰ ਕੋਈ ਵੀ ਪਾਜੇਟਿਵ ਟੈਸਟ ਨਤੀਜੇ ਤੁਹਾਨੂੰ ਅਤੇ ਤੁਹਾਡੇ ਡਾਕਟਰ ਨੂੰ ਦਿੱਤੇ ਜਾਣਗੇ, ਅਤੇ ਇਹਨਾਂ ਦੀ ਰਿਪੋਰਟ ਉਚਿਤ ਜਨਤਕ ਸਿਹਤ ਅਥਾਰਟੀਆਂ ਨੂੰ ਵੀ ਕੀਤੀ ਜਾਵੇਗੀ।

<u>ਖੋਜ ਵਿੱਚ ਭਾਗ ਲੈਣ ਲਈ ਸਹਿਮਤੀ:</u> ਨਾੜੂਏ ਦੇ ਖ਼ੂਨ ਨੂੰ ਸਟੋਰੇਜ ਵਾਸਤੇ ਅਢੁਕਵਾਂ ਪਾਇਆ ਜਾ ਸਕਦਾ ਹੈ ਜੇਕਰ ਇਕੱਤਰ ਕੀਤੇ ਖ਼ੂਨ ਦੀ ਮਾਤਰਾ ਬਹੁਤ ਥੋੜ੍ਹੀ ਹੈ ਜਾਂ ਜੇ ਇਹ ਕੋਰਡ ਬਲੱਡ ਬੈਂਕ ਦੀਆਂ ਵਿਸ਼ੇਸ਼ ਲੋੜਾਂ ਦੀ ਪੂਰਤੀ ਨਹੀਂ ਕਰਦਾ। ਇਸ ਤੋਂ ਇਲਾਵਾ, ਹੋ ਸਕਦਾ ਹੈ ਕਿ ਕਈ ਵਾਰ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਸਟੋਰ ਕੀਤਾ ਜਾਵੇ ਪਰ ਬਾਅਦ ਵਿੱਚ ਇਹ ਪਾਇਆ ਜਾਵੇ ਕਿ ਇਹ ਹੁਣ ਬੈਂਕ ਵਿੱਚ ਹੋਰ ਰੱਖਣਯੋਗ ਨਹੀਂ ਹੈ। ਜੇ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਬੈਂਕ ਵਿੱਚ ਨਹੀਂ ਰੱਖਿਆ ਜਾ ਸਕਦਾ ਜਾਂ ਪ੍ਰਤੀਰੋਪਣ ਵਾਸਤੇ ਨਹੀਂ ਵਰਤਿਆ ਜਾ ਸਕਦਾ, ਤਾਂ ਖਾਰਜ ਕੀਤੇ ਜਾਣ ਦੀ ਬਜਾਏ ਇਸਨੂੰ ਫੇਰ ਵੀ ਜੀਵ-ਡਾਕਟਰੀ ਖੋਜ ਵਾਸਤੇ ਵਰਤਿਆ ਜਾ ਸਕਦਾ ਹੈ। ਇਸ ਤੋਂ ਇਲਾਵਾ, ਬੈਂਕ ਵਿੱਚ ਰੱਖੇ ਜਾਣ ਵਾਸਤੇ ਨਾੜੂਏ ਦੇ ਖ਼ੂਨ ਦੇ ਸਟੈੱਮ ਸੈੱਲਾਂ ਨੂੰ ਤਿਆਰ ਕਰਨ ਦੇ ਅਮਲ ਦੌਰਾਨ, ਕੁਝ ਅੰਸ਼ (ਜਿਵੇਂ ਕਿ ਲਾਲ ਰਕਤ ਸੈੱਲ) ਨਾੜੂਏ ਦੇ ਖ਼ੂਨ ਵਿੱਚੋਂ ਕੱਢ ਲਏ ਜਾਂਦੇ ਹਨ। ਇਹਨਾਂ ਸਹਿ-ਉਤਪਾਦਾਂ ਨੂੰ ਖਾਰਜ ਕੀਤੇ ਜਾਣ ਦੀ ਬਜਾਏ ਖੋਜ ਦੇ ਮਕਸਦਾਂ ਵਾਸਤੇ ਵਰਤਿਆ ਜਾ ਸਕਦਾ ਹੈ। ਜੇ ਤੁਸੀਂ ਆਪਣੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਜੀਵ-ਡਾਕਟਰੀ ਖੋਜ ਵਾਸਤੇ ਦਾਨ ਕਰਨਾ ਚਾਹੁੰਦੇ ਹੋ, ਅਤੇ ਇਸਦੇ ਸਹਿ-ਉਤਪਾਦਾਂ ਨੂੰ ਵੀ, ਤਾਂ ਸਟੋਰੇਜ ਜਾਂ ਪ੍ਰਤੀਰੋਪਣ ਵਾਸਤੇ ਇਸਦੇ ਅਢੁਕਵਾਂ ਹੋਣ ਦੀ ਸੂਰਤ ਵਿੱਚ, ਤੁਹਾਨੂੰ ਲਾਜ਼ਮੀ ਤੌਰ 'ਤੇ ਇਸ ਫਾਰਮ ਦੇ ਅੰਤ 'ਤੇ ਖੋਜ ਵਿੱਚ ਭਾਗ ਲੈਣ ਲਈ ਸਹਿਮਤੀ ਵਾਲੇ ਖਾਨੇ ਵਿੱਚ ਸਹੀ ਦਾ ਨਿਸ਼ਾਨ ਲਗਾਉਣ ਦੁਆਰਾ ਆਪਣੀ ਸਹਿਮਤੀ ਪ੍ਰਦਾਨ ਕਰਾਉਣੀ ਚਾਹੀਦੀ ਹੈ। ਖੋਜ ਦੇ ਵਿਕਲਪ ਸਬੰਧੀ ਅਤੇ ਨਾੜੂਏ ਦੇ ਖ਼ੂਨ ਨਾਲ ਕੀਤੀ ਜਾ ਸਕਦੀ ਖੋਜ ਦੀ ਕਿਸਮ ਬਾਰੇ ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ ਜੀਵ-ਡਾਕਟਰੀ ਖੋਜ ਬਾਰੇ ਨਾਲ ਦਿੱਤੇ ਜਾਣਕਾਰੀ ਕਿਤਾਬਚੇ ਨੂੰ ਦੇਖੋ। ਜੇ ਖੋਜ ਬਾਰੇ ਤੁਹਾਡੇ ਕੋਈ ਸਵਾਲ ਹਨ ਜਾਂ ਜੇ ਤੁਸੀਂ ਸਥਾਨਕ ਖੋਜਕਾਰ ਨਾਲ ਸੰਪਰਕ ਕਰਨਾ ਚਾਹੁੰਦੇ ਹੋ ਤਾਂ ਤੁਸੀਂ CBS ਨੈਸ਼ਨਲ ਕਾਲ ਸੈਂਟਰ ਨੂੰ 1 888 2 DONATE (1-888-236-6283) 'ਤੇ ਕਾਲ ਵੀ ਕਰ ਸਕਦੇ ਹੋ।

<u>ਨਾੜੂਏ ਦੇ ਖ਼ੂਨ ਨੂੰ ਖਾਰਜ ਕਰਨਾ:</u> ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਦੇ ਸਟੋਰੇਜ ਜਾਂ ਪ੍ਰਤੀਰੋਪਣ ਵਾਸਤੇ ਅਢੁਕਵੇਂ ਪਾਏ ਜਾਣ ਦੀ ਸੂਰਤ ਵਿੱਚ, ਅਤੇ ਜੇ ਤੁਸੀਂ ਜੀਵ-ਡਾਕਟਰੀ ਖੋਜ ਵਾਸਤੇ ਦਾਨ ਕਰਨ ਲਈ ਸਹਿਮਤੀ ਨਹੀਂ ਦਿੱਤੀ ਹੈ; ਤਾਂ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਅਤੇ ਕਿਸੇ ਵੀ ਖ਼ੂਨ ਦੇ ਨਮੂਨਿਆਂ ਨੂੰ ਖਾਰਜ ਕਰ ਦਿੱਤਾ ਜਾਵੇਗਾ, ਜਦ ਤੱਕ ਕਿ ਇਹਨਾਂ ਦੀ ਗੁਣਵੱਤਾ ਯਕੀਨੀ ਬਣਾਉਣ ਦੇ ਮਕਸਦਾਂ ਵਾਸਤੇ ਵਰਤੋਂ ਨਹੀਂ ਕੀਤੀ ਜਾਂਦੀ। ਜੇ ਤੁਸੀਂ ਆਪਣੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਜੀਵ-ਡਾਕਟਰੀ ਖੋਜ



CBU Unique ID Number

Canadian Blood Services
Société canadienne du sang

# ਨਾੜੂਏ ਦੇ ਖ਼ੂਨ ਨੂੰ ਇਕੱਤਰ ਕਰਨ ਲਈ ਇਜਾਜ਼ਤ ਬਾਰੇ ਜਾਣਕਾਰੀ

ਵਾਸਤੇ ਦਾਨ ਕਰਨ ਲਈ ਸਹਿਮਤੀ ਦਿੰਦੇ ਹੋ ਪਰ ਇਸ ਨੂੰ ਇਸ ਮਕਸਦ ਵਾਸਤੇ ਅਢੁਕਵਾਂ ਪਾਇਆ ਜਾਂਦਾ ਹੈ, ਤਾਂ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਵੀ ਖਾਰਜ ਕਰ ਦਿੱਤਾ ਜਾਵੇਗਾ।

<u>ਲਾਗਤਾਂ ਅਤੇ ਭੁਗਤਾਨ-ਵਾਪਸੀਆਂ:</u> ਇਸ ਪ੍ਰੋਗਰਾਮ ਵਿੱਚ ਭਾਗ ਲੈਣ ਲਈ ਤੁਹਾਥੋਂ ਕੋਈ ਲਾਗਤ ਨਹੀਂ ਲਈ ਜਾਵੇਗੀ। ਤੁਹਾਡੇ ਨਾੜੂਏ ਦੇ ਖ਼ੂਨ ਦੇ ਦਾਨ ਦੇ ਕਿਸੇ ਵੀ ਪੱਖ ਵਾਸਤੇ ਤੁਹਾਨੂੰ ਕੋਈ ਵੀ ਵਾਪਸੀ-ਭੁਗਤਾਨ ਨਹੀਂ ਕੀਤੇ ਜਾਣਗੇ। ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨਾਲ ਕੀਤੀ ਖੋਜ ਦੇ ਸਿੱਟੇ ਵਜੋਂ ਅਜਿਹੀ ਸਮੱਗਰੀ ਮਿਲਣ ਦੀ ਸੂਰਤ ਵਿੱਚ ਜੋ ਪੇਟੈਂਟ ਕਰਨਯੋਗ ਹੈ ਜਾਂ ਜਿਸ ਦੀ ਕੋਈ ਵਪਾਰਕ ਅਹਿਮੀਅਤ ਹੈ, ਤੁਸੀਂ ਇਸ ਦੇ ਮਾਲਕ ਨਹੀਂ ਹੋਵੋਂਗੇ ਜਾਂ ਤੁਹਾਡਾ ਇਸ ਵਿੱਚ ਕੋਈ ਵਿੱਤੀ ਹਿੱਤ ਨਹੀਂ ਹੋਵੇਗਾ।

<u>ਸੰਭਾਵੀ ਜੋਖਮ ਅਤੇ ਬੇਆਰਾਮੀਆਂ:</u> ਕੋਰਡ ਬਲੱਡ ਬੈਂਕ ਤੁਹਾਡੇ ਬੱਚੇ ਦੀ ਪੈਦਾਇਸ਼ ਦੀ ਕੁਦਰਤੀ ਪ੍ਰਕਿਰਿਆ ਵਿੱਚ ਦਖਲ ਨਹੀਂ ਦਿੰਦਾ। ਕੋਰਡ ਬਲੱਡ ਬੈਂਕ ਵਿੱਚ ਭਾਗ ਲੈਣ ਨਾਲ ਕੋਈ ਵੀ ਜਿਕਰਯੋਗ ਜੋਖਮ ਨਹੀਂ ਜੁੜੇ ਹੋਏ ਕਿਉਂਕਿ ਬਲੱਡ ਸਟੈੱਮ ਸੈੱਲਾਂ ਨੂੰ ਨਾੜੂਏ/ਔਲ਼ ਤੋਂ ਬੱਚੇ ਦੀ ਪੈਦਾਇਸ਼ ਦੇ ਬਾਅਦ ਇਕੱਤਰ ਕੀਤਾ ਜਾਂਦਾ ਹੈ। ਜੇ ਛੂਤਕਾਰੀ ਬਿਮਾਰੀ ਨੂੰ ਟੈਸਟ ਕਰਨ ਵਾਸਤੇ ਤੁਹਾਡੇ ਕੋਲੋਂ ਖ਼ੂਨ ਦੇ ਨਮੂਨੇ ਲਏ ਜਾਂਦੇ ਹਨ, ਤਾਂ ਲਏ ਗਏ ਖ਼ੂਨ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ (ਕੁੱਲ ਲਗਭਗ ਤਿੰਨ ਵੱਡੇ ਚਮਚ) ਅਤੇ ਇਸ ਨਾਲ ਤੁਹਾਡੀ ਸਿਹਤ 'ਤੇ ਕੋਈ ਅਸਰ ਨਹੀਂ ਪਵੇਗਾ। ਉਸ ਜਗਹ 'ਤੇ ਹਲਕਾ ਦਰਦ ਅਤੇ ਨੀਲ ਪੈਣ ਦਾ ਛੋਟਾ ਜਿਹਾ ਜੋਖਮ ਹੁੰਦਾ ਹੈ ਜਿੱਥੋਂ ਖ਼ੂਨ ਦਾ ਨਮੂਨਾ ਲਿਆ ਜਾਂਦਾ ਹੈ, ਸਿਰ ਹਲਕਾ-ਹਲਕਾ ਲੱਗ ਸਕਦਾ ਹੈ, ਸੰਭਾਵੀ ਤੌਰ 'ਤੇ ਬੇਹੋਸ਼ੀ ਹੋ ਸਕਦੀ ਹੈ ਅਤੇ, ਬਹੁਤ ਦੁਰਲੱਭ ਕੇਸਾਂ ਵਿੱਚ, ਲਾਗ ਲੱਗ ਸਕਦੀ ਹੈ।

<u>ਸੰਭਾਵਿਤ ਫਾਇਦੇ:</u> ਹਾਲਾਂਕਿ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਸਿੱਧੇ ਤੌਰ 'ਤੇ ਕੋਈ ਲਾਭ ਨਹੀਂ ਹੋਵੇਗਾ, ਪਰ ਇਹ ਕਿਸੇ ਜੀਵਨ-ਮਾਰੂ ਬਿਮਾਰੀ ਵਾਲੇ ਮਰੀਜ਼ ਨੂੰ ਸਿਹਤਮੰਦ ਜੀਵਨ ਦੀ ਸੰਭਾਵਨਾ ਦੇ ਸਕਦਾ ਹੈ। ਜੇ ਤੁਸੀਂ ਜੀਵ-ਡਾਕਟਰੀ ਖੋਜ ਵਾਸਤੇ ਆਪਣੇ ਬੱਚੇ ਦੇ ਨਾੜੂਏ ਦੇ ਖ਼ੂਨ ਦੀ ਵਰਤੋਂ ਕਰਨ ਵਾਸਤੇ ਸਹਿਮਤੀ ਦਿੰਦੇ ਹੋ, ਤਾਂ ਤੁਹਾਨੂੰ ਇਸ ਜਾਣਕਾਰੀ ਤੋਂ ਵੀ ਲਾਭ ਹੋ ਸਕਦਾ ਹੈ ਕਿ ਤੁਹਾਡੀ ਭਾਗੀਦਾਰੀ ਖੋਜ ਨੂੰ ਅੱਗੇ ਵਧਾਵੇਗੀ ਅਤੇ ਭਵਿੱਖ ਵਿੱਚ ਹੋਰਨਾਂ ਦੀ ਮਦਦ ਕਰੇਗੀ।

<u>ਕੋਰਡ ਬਲੱਡ ਬੈਂਕ ਤੋਂ ਨਾਮ ਵਾਪਸ ਲੈਣਾ:</u> ਕੋਰਡ ਬਲੱਡ ਬੈਂਕ ਵਿੱਚ ਤੁਹਾਡੀ ਭਾਗੀਦਾਰੀ ਸਵੈਇੱਛਤ ਹੈ ਅਤੇ 1 888 2 DONATE (1-888-236-6283) 'ਤੇ ਕਾਲ ਕਰਕੇ ਇਸ ਨੂੰ ਕਦੇ ਵੀ ਵਾਪਸ ਲਿਆ ਜਾ ਸਕਦਾ ਹੈ। ਜੇ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਦੇ ਯੂਨਿਟ ਨੂੰ ਪਹਿਲਾਂ ਹੀ ਪ੍ਰਤੀਰੋਪਣ ਵਾਸਤੇ, ਗੁਣਵੱਤਾ ਯਕੀਨੀ ਬਣਾਉਣ ਵਾਸਤੇ ਜਾਂ ਜੀਵ-ਡਾਕਟਰੀ ਖੋਜ ਦੇ ਮਕਸਦਾਂ ਵਾਸਤੇ ਨਹੀਂ ਵਰਤਿਆ ਗਿਆ ਤਾਂ ਇਸ ਨੂੰ ਖਾਰਜ ਕਰ ਦਿੱਤਾ ਜਾਵੇਗਾ। ਤੁਹਾਨੂੰ ਭਰਕੇ ਵਾਪਸ ਕਰਨ ਵਾਸਤੇ ਇੱਕ "ਕੈਨੇਡੀਅਨ ਬਲੱਡ ਸਰਵਿਸਜ਼ ਦੇ ਕੋਰਡ ਬਲੱਡ ਬੈਂਕ ਵਿੱਚ ਭਾਗ ਲੈਣ ਲਈ ਸਹਿਮਤੀ ਵਾਪਸ ਲੈਣਾ" ਫਾਰਮ ਦਿੱਤਾ ਜਾਵੇਗਾ।
ਤੁਹਾਡੇ ਦੁਆਰਾ ਨਾਮ ਵਾਪਸ ਲੈਣ ਦੀ ਤਾਰੀਖ਼ ਤੱਕ ਕੈਨੇਡੀਅਨ ਬਲੱਡ ਸਰਵਿਸਜ਼ ਵੱਲੋਂ ਇਕੱਤਰ ਕੀਤੀ ਨਿੱਜੀ ਜਾਣਕਾਰੀ ਕੋਰਡ ਬਲੱਡ ਬੈਂਕ ਦੇ ਅੰਦਰ ਰਹੇਗੀ ਪਰ ਤੁਹਾਡੇ ਜਾਂ ਤੁਹਾਡੇ ਬੱਚੇ ਬਾਰੇ ਕੋਈ ਵੀ ਹੋਰ ਜਾਣਕਾਰੀ ਇਕੱਤਰ ਨਹੀਂ ਕੀਤੀ ਜਾਵੇਗੀ, ਵਰਤੀ ਨਹੀਂ ਜਾਵੇਗੀ ਜਾਂ ਇਸ ਦਾ ਖੁਲਾਸਾ ਨਹੀਂ ਕੀਤਾ ਜਾਵੇਗਾ। ਜੇ ਜ਼ਰੂਰੀ ਹੋਇਆ, ਤਾਂ ਸੁਰੱਖਿਆ ਦੇ ਕਾਰਨਾਂ ਵਾਸਤੇ ਤੁਹਾਡੇ ਨਾਲ ਸੰਪਰਕ ਕਰਨ ਲਈ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਰਾਂਗੇ। ਕਿਰਪਾ ਕਰਕੇ ਇਹ ਜਾਣ ਲਓ ਕਿ ਭਾਗ ਨਾ ਲੈਣ ਦੀ ਚੋਣ ਕਰਨ ਦਾ ਤੁਹਾਡੇ 'ਤੇ ਜਾਂ ਤੁਹਾਡੇ ਪਰਿਵਾਰ ਦੀ ਡਾਕਟਰੀ ਸੰਭਾਲ 'ਤੇ ਕਿਸੇ ਵੀ ਤਰੀਕੇ ਨਾਲ ਕੋਈ ਅਸਰ ਨਹੀਂ ਪਵੇਗਾ।

<u>ਨਸਲੀ ਪਿਛੋਕੜ:</u> ਕੋਰਡ ਬਲੱਡ ਬੈਂਕ ਨੂੰ ਲਾਜ਼ਮੀ ਤੌਰ 'ਤੇ ਕੈਨੇਡਾ ਦੀ ਨਸਲੀ ਵਿਭਿੰਨਤਾ ਦੀ ਝਲਕ ਦੇਣੀ ਚਾਹੀਦੀ ਹੈ। ਕਿਉਂਕਿ ਕੁਝ ਵਿਸ਼ੇਸ਼ ਆਣੁਵਾਂਸ਼ਿਕ ਪਛਾਣ-ਚਿੰਨ੍ਹ ਕੁਝ ਆਬਾਦੀਆਂ ਵਿੱਚ ਆਮ ਹੁੰਦੇ ਹਨ, ਇਸ ਲਈ ਕੈਨੇਡੀਅਨ ਬਲੱਡ ਸਰਵਿਸਜ਼ ਆਪਣੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਦਾਨ ਕਰਨ ਵਾਲੀਆਂ ਮਾਂਵਾਂ ਨੂੰ ਉਸ ਪਿਛੋਕੜ ਦੀ ਚੋਣ ਕਰਨ ਵਾਸਤੇ ਕਹਿ ਰਹੀ ਹੈ ਜਿਸ ਨਾਲ ਤੁਹਾਡਾ ਅਤੇ ਤੁਹਾਡੇ ਬੱਚੇ ਦੇ ਪਿਤਾ ਦਾ ਸਭ ਤੋਂ ਨੇੜਲਾ ਸਬੰਧ ਹੈ।



CBU Unique ID Number

Canadian Blood Services
Société canadienne du sang

# ਨਾੜੂਏ ਦੇ ਖ਼ੂਨ ਨੂੰ ਇਕੱਤਰ ਕਰਨ ਲਈ ਇਜਾਜ਼ਤ ਬਾਰੇ ਜਾਣਕਾਰੀ

ਇਹ ਜਾਣਕਾਰੀ ਕਿਸੇ ਸੰਭਾਵੀ ਦਾਨੀ ਅਤੇ ਕਿਸੇ ਲੋੜਵੰਦ ਮਰੀਜ਼ ਵਿਚਕਾਰ ਮੇਲ਼ ਕਰਨ ਵਿੱਚ ਮਦਦ ਕਰਦੀ ਹੈ ਅਤੇ OneMatch ਨੂੰ ਇਹ ਯਕੀਨੀ ਬਣਾਉਣ ਦੇ ਯੋਗ ਬਣਾਉਂਦੀ ਹੈ ਕਿ ਇਹ ਕੈਨੇਡੀਅਨ ਮਰੀਜ਼ਾਂ ਦੀਆਂ ਲੋੜਾਂ ਦੀ ਪੂਰਤੀ ਕਰ ਰਿਹਾ ਹੈ। ਅਗਲੇ ਪੰਨੇ 'ਤੇ ਦਿੱਤੇ ਚਾਰਟ ਦੀ ਵਰਤੋਂ ਤੁਹਾਡੀ ਸਹਾਇਤਾ ਕਰਨ ਵਾਸਤੇ ਇੱਕ ਸੇਧ ਵਜੋਂ ਕੀਤੀ ਜਾ ਸਕਦੀ ਹੈ।

ਹਿਦਾਇਤਾਂ: ਕਿਰਪਾ ਕਰਕੇ ਅਗਲੇ ਪੰਨੇ 'ਤੇ ਚਾਰਟ ਨੂੰ ਭਰੋ ਅਤੇ ਸਹਿਮਤੀ 'ਤੇ ਦਸਤਖਤ ਕਰੋ ਅਤੇ ਜਾਂ ਤਾਂ (1) ਇਸ ਨੂੰ ਤੁਹਾਡੇ ਸਿਹਤ ਸੰਭਾਲ ਪੇਸ਼ੇਵਰਾਂ ਨੂੰ ਵਾਪਸ ਕਰ ਦਿਓ, ਜੋ ਇਸ ਦੀ ਨਕਲ ਉਸ ਹਸਪਤਾਲ ਨੂੰ ਭੇਜਣਗੇ ਜਿੱਥੇ ਤੁਸੀਂ ਆਪਣੇ ਬੱਚੇ ਨੂੰ ਜਨਮ ਦੇਵੋਂਗੇ, ਜਾਂ (2) ਡਿਲਿਵਰੀ ਦੇ ਸਮੇਂ ਇਸ ਨੂੰ ਆਪਣੇ ਨਾਲ ਹਸਪਤਾਲ ਵਿਖੇ ਲੈਕੇ ਆਓ। ਹਸਪਤਾਲ ਇਸ ਦੀ ਇੱਕ ਨਕਲ ਤੁਹਾਡੇ ਡਾਕਟਰੀ ਚਾਰਟ 'ਤੇ ਰੱਖੇਗਾ ਅਤੇ ਇੱਕ ਨਕਲ ਕੈਨੇਡੀਅਨ ਬਲੱਡ ਸਰਵਿਸਜ਼ ਨੂੰ ਪ੍ਰਦਾਨ ਕਰੇਗਾ।

**ਕਿਰਪਾ ਕਰਕੇ ਆਪਣੇ ਵਾਸਤੇ ਕੇਵਲ ਇੱਕ ਨਸਲੀ ਮੂਲ ਦੀ ਚੋਣ ਕਰੋ ਅਤੇ ਇੱਕ ਦੀ ਹੀ ਚੋਣ ਬੱਚੇ ਦੇ ਪਿਤਾ ਵਾਸਤੇ ਕਰੋ।**

| | ਅਰਬ<br>Arab | ਏਸ਼ੀਆਈ-ਕੇਂਦਰੀ<br>Asian-Central | ਏਸ਼ੀਆਈ-ਉੱਤਰੀ<br>Asian-North | ਏਸ਼ੀਆਈ-ਉੱਤਰਪੂਰਬੀ<br>Asian-Northeast | ਏਸ਼ੀਆਈ-ਦੱਖਣੀ<br>Asian-South | ਏਸ਼ੀਆਈ-ਦੱਖਣਪੂਰਬੀ<br>Asian-Southeast | ਕਾਲੇ-ਅਫਰੀਕਨ<br>Black-African | ਕਾਲੇ-ਕੈਰੀਬੀਅਨ<br>Black-Caribbean | ਕਾਲੇ-ਹੋਰ<br>Black-Other | ਕਾਕੇਸ਼ੀਅਨ/ਗੋਰੇ<br>Caucasian | ਚੀਨੀ<br>Chinese | ਫਿਲੀਪੀਨੋ<br>Filipino | ਫਸਟ ਨੇਸ਼ਨਜ<br>First Nations | ਹਿਸਪੇਨਿਕ<br>Hispanic | ਇਨੂਇਟ<br>Inuit | ਯਹੂਦੀ-ਅਸ਼ਕੇਨਾਜ਼ੀ<br>Jewish-Ashkenazi | ਯਹੂਦੀ-ਸੇਫਾਰਡਿਕ<br>Jewish-Sephardic | ਮੇਟਿਸ<br>Métis | ਪੈਸੀਫਿਕ ਆਈਲੈਂਡਰ<br>Pacific Islander | ਬਹੁ-ਨਸਲੀ<br>Multi-ethnic | ਅਗਿਆਤ<br>Unknown | ਦੱਸਣ ਤੋਂ ਤਰਜੀਹ ਨਹੀਂ<br>Prefer Not to Disclose |
|---|---|---|---|---|---|---|---|---|---|---|---|---|---|---|---|---|---|---|---|---|---|---|
| ਮਾਤਾ<br>Mother | | | | | | | | | | | | | | | | | | | | | | |
| ਪਿਤਾ<br>Father | | | | | | | | | | | | | | | | | | | | | | |

# ਸਹਿਮਤੀ

ਇਸ ਸਹਿਮਤੀ ਬਾਰੇ:

ਇਸ ਫਾਰਮ 'ਤੇ ਦਸਤਖਤ ਕਰਨ ਦੁਆਰਾ, ਤੁਸੀਂ ਸੁਤੰਤਰ ਰੂਪ ਵਿੱਚ ਅਤੇ ਸਵੈਇੱਛਾ ਨਾਲ ਡਿਲਿਵਰੀ ਦੇ ਬਾਅਦ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਇਕੱਤਰ ਕਰਨ ਲਈ ਸਹਿਮਤੀ ਦਿੰਦੇ ਹੋ। ਤੁਸੀਂ ਤੁਹਾਨੂੰ ਪ੍ਰਦਾਨ ਕੀਤੀ ਜ਼ੁਬਾਨੀ ਅਤੇ ਲਿਖਤੀ ਜਾਣਕਾਰੀ ਦੇ ਆਧਾਰ 'ਤੇ ਇਹ ਸਮਝਦੇ ਹੋਏ ਸਹਿਮਤੀ ਦੇ ਰਹੇ ਹੋ ਕਿ ਤੁਸੀਂ ਭਾਗ ਲੈਣ ਲਈ ਡਾਕਟਰੀ ਅਤੇ ਸਰੀਰਕ ਤੌਰ 'ਤੇ ਯੋਗਤਾ ਪ੍ਰਾਪਤ ਹੋ। ਕਿਰਪਾ ਕਰਕੇ ਆਪਣੇ ਰਿਕਾਰਡਾਂ ਵਾਸਤੇ ਇਸ ਦਸਤਖਤ ਕੀਤੇ ਸਹਿਮਤੀ ਫਾਰਮ ਦੀ ਇੱਕ ਨਕਲ ਕੋਲ ਰੱਖੋ।



CBU Unique ID Number

Canadian Blood Services
Société canadienne du sang

# ਨਾੜੂਏ ਦੇ ਖੂਨ ਨੂੰ ਇਕੱਤਰ ਕਰਨ ਲਈ ਇਜਾਜ਼ਤ ਬਾਰੇ ਜਾਣਕਾਰੀ

ਮੈਂ ਨਾੜੂਏ ਦੇ ਖੂਨ ਦਾ ਦਾਨ ਕਰਨ ਵਾਸਤੇ ਪ੍ਰਦਾਨ ਕੀਤੀ ਜਾਣਕਾਰੀ ਨੂੰ ਪੜ੍ਹ ਅਤੇ ਸਮਝ ਲਿਆ ਹੈ ਅਤੇ ਮੈਨੂੰ ਸਵਾਲ ਪੁੱਛਣ ਦਾ ਮੌਕਾ ਮਿਲਿਆ ਹੈ ਜਿੰਨ੍ਹਾਂ ਦਾ ਤਸੱਲੀਬਖਸ਼ ਤਰੀਕੇ ਨਾਲ ਜਵਾਬ ਦਿੱਤਾ ਗਿਆ ਹੈ। ਮੈਂ ਕੋਰਡ ਬਲੱਡ ਬੈਂਕ ਵਾਸਤੇ ਪਰਦੇਦਾਰੀ ਨੋਟਿਸ ਨੂੰ ਵੀ ਪੜ੍ਹ ਅਤੇ ਸਮਝ ਲਿਆ ਹੈ ਅਤੇ ਮੈਂ ਏਥੇ ਦੱਸੇ ਗਏ ਮਕਸਦਾਂ ਵਾਸਤੇ, ਮੇਰੀ ਨਿੱਜੀ ਜਾਣਕਾਰੀ ਅਤੇ ਮੇਰੇ ਬੱਚੇ ਦੀ ਨਿੱਜੀ ਜਾਣਕਾਰੀ, ਜਿਸ ਵਿੱਚ ਮੇਰਾ ਡਾਕਟਰੀ ਰਿਕਾਰਡ ਅਤੇ ਹੋਰ ਨਿੱਜੀ ਸਿਹਤ ਜਾਣਕਾਰੀ ਵੀ ਸ਼ਾਮਲ ਹੈ, ਨੂੰ ਇਕੱਤਰ ਕਰਨ, ਵਰਤਣ ਅਤੇ ਇਸ ਦਾ ਖੁਲਾਸਾ ਕਰਨ ਲਈ ਸਹਿਮਤੀ ਦਿੰਦੀ ਹਾਂ। ਮੈਂ ਸਮਝਦੀ ਹਾਂ ਕਿ ਮੈਂ ਆਪਣੀ ਸਹਿਮਤੀ ਕਿਵੇਂ ਵਾਪਸ ਲੈ ਸਕਦੀ ਹਾਂ।

ਮੈਂ ਸਵੈਇੱਛਾ ਨਾਲ ਮੇਰੇ ਡਾਕਟਰ, ਦਾਈ ਜਾਂ ਕੋਰਡ ਬਲੱਡ ਬੈਂਕ ਦੇ ਅਮਲੇ ਨੂੰ ਇਸ "ਇਕੱਤਰ ਕਰਨ ਲਈ ਇਜਾਜ਼ਤ" ਫਾਰਮ ਵਿੱਚ ਦੱਸੇ ਮਕਸਦਾਂ ਵਾਸਤੇ ਮੇਰੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਇਕੱਤਰ ਕਰਨ ਦੀ ਇਜਾਜ਼ਤ ਦੇਣ ਨਾਲ ਸਹਿਮਤ ਹਾਂ। ਮੈਂ ਮੇਰੇ ਕੋਲੋਂ ਖੂਨ ਦਾ ਇੱਕ ਨਮੂਨਾ ਲਏ ਜਾਣ, ਅਮਲੇ ਦੁਆਰਾ ਮੇਰੇ ਡਾਕਟਰੀ ਰਿਕਾਰਡ ਅਤੇ ਮੇਰੇ ਬੱਚੇ ਦੇ ਡਾਕਟਰੀ ਰਿਕਾਰਡ ਦੀ ਸਮੀਖਿਆ ਕੀਤੇ ਜਾਣ, ਅਤੇ ਜੇ ਲਾਗੂ ਹੁੰਦਾ ਹੈ, ਤਾਂ ਸਿਹਤ ਪੜਤਾਲ ਦੇ ਮਕਸਦਾਂ ਵਾਸਤੇ ਮੇਰੀ ਇੰਟਰਵਿਊ ਲਏ ਜਾਣ ਲਈ ਵੀ ਸਹਿਮਤੀ ਦਿੰਦੀ ਹਾਂ।

<u>ਇਸ ਤੋਂ ਇਲਾਵਾ, ਹੇਠਾਂ ਦਿੱਤੇ ਖਾਨੇ ਵਿੱਚ ਸਹੀ ਦਾ ਨਿਸ਼ਾਨ ਲਗਾਉਣ ਦੁਆਰਾ</u>, ਮੈਂ ਸਵੈ ਇੱਛਾ ਨਾਲ ਮੇਰੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਅਤੇ ਇਸਦੇ ਸਹਿ-ਉਤਪਾਦਾਂ ਨੂੰ, ਜੇਕਰ ਇਹ ਬੈਂਕ ਵਿੱਚ ਰੱਖਣ ਲਈ ਢੁਕਵਾਂ ਨਹੀਂ ਹੈ, ਕੈਨੇਡੀਅਨ ਬਲੱਡ ਸਰਵਿਸਜ਼ ਦੁਆਰਾ ਕੈਨੇਡਾ ਵਿੱਚ ਅਤੇ ਅੰਤਰਰਾਸ਼ਟਰੀ ਤੌਰ 'ਤੇ ਜੀਵ-ਡਾਕਟਰੀ ਖੋਜ ਦਾ ਸੰਚਾਲਨ ਕਰਨ ਦੇ ਮਕਸਦ ਵਾਸਤੇ ਖੋਜਕਾਰਾਂ ਨੂੰ ਵੰਡੇ ਜਾਣ ਦੀ ਇਜਾਜ਼ਤ ਦੇਣ ਲਈ ਸਹਿਮਤੀ ਦਿੰਦੀ ਹਾਂ। ਮੈਂ ਇਹ ਪੁਸ਼ਟੀ ਕਰਦੀ ਹਾਂ ਕਿ ਮੈਂ ਕੈਨੇਡੀਅਨ ਬਲੱਡ ਸਰਵਿਸਜ਼ ਦੇ ਜੀਵ-ਡਾਕਟਰੀ ਖੋਜ ਬਾਰੇ ਕਿਤਾਬਚੇ ਨੂੰ ਪੜ੍ਹ ਲਿਆ ਹੈ ਅਤੇ ਮੈਨੂੰ ਸਵਾਲ ਪੁੱਛਣ ਦਾ ਮੌਕਾ ਮਿਲਿਆ ਹੈ। ਮੈਂ ਸਮਝਦੀ ਹਾਂ ਕਿ ਜੇਕਰ ਨਾੜੂਏ ਦੇ ਖੂਨ ਦੇ ਯੂਨਿਟ ਨੂੰ ਜੀਵ-ਡਾਕਟਰੀ ਖੋਜ ਵਾਸਤੇ ਵਰਤਿਆ ਜਾਂਦਾ ਹੈ ਤਾਂ ਮੈਨੂੰ ਸੂਚਿਤ ਨਹੀਂ ਕੀਤਾ ਜਾਵੇਗਾ ਨਾ ਹੀ ਮੈਨੂੰ ਅਜਿਹੀ ਕਿਸੇ ਖੋਜ ਦੇ ਨਤੀਜੇ ਪ੍ਰਾਪਤ ਹੋਣਗੇ ਜੋ ਮੇਰੇ ਬੱਚੇ ਦੇ ਦਾਨ ਕੀਤੇ ਨਾੜੂਏ ਦੇ ਖੂਨ ਦੇ ਯੂਨਿਟ ਦੀ ਵਰਤੋਂ ਕਰਕੇ ਕੀਤੀ ਜਾਂਦੀ ਹੈ। ਮੈਂ ਸਮਝਦੀ ਹਾਂ ਕਿ ਖੋਜ ਦੇ ਸਿੱਟੇ ਕੈਨੇਡੀਅਨ ਬਲੱਡ ਸਰਵਿਸਜ਼ ਦੀ ਵੈੱਬਸਾਈਟ 'ਤੇ ਪੋਸਟ ਕੀਤੇ ਜਾਣਗੇ।

***ਖੋਜ ਵਿੱਚ ਭਾਗ ਲੈਣ ਲਈ ਸਹਿਮਤੀ*** *(ਜੇ ਤੁਸੀਂ ਖੋਜ ਦੇ ਵਿਕਲਪ ਨਾਲ ਸਹਿਮਤ ਹੋ ਤਾਂ ਕਿਰਪਾ ਕਰਕੇ ਖਾਨੇ ਵਿੱਚ ਸਹੀ ਦਾ ਨਿਸ਼ਾਨ ਲਗਾਓ)* ☐

| | | |
|---|---|---|
| (ਮਾਂ ਦਾ ਛਪਿਆ ਹੋਇਆ ਨਾਮ/Mothers printed name | (ਮਾਂ ਦੇ ਦਸਤਖਤ/Mother's signature) | (ਫਾਰਮ 'ਤੇ ਦਸਤਖਤ ਕਰਨ ਦੀ ਤਾਰੀਖ/ Date form signed) |
| (ਮਾਂ ਦਾ ਪੋਸਟਲ ਕੋਡ/Mother's postal code) | (ਮਾਂ ਦਾ ਟੈਲੀਫ਼ੋਨ ਨੰਬਰ/Mother's telephone number) | (ਵਿਕਲਪਕ ਈਮੇਲ/e-mail optional) |

| **For CBB Use Only:** |
|---|
| **Change of Information:** □ Name □ Postal Code □ Phone Number |
| Verification of information discrepancy from maternal hospital unique ID label to documented information by mother: |



CBU Unique ID Number

Canadian Blood Services
Société canadienne du sang

# ਕੋਰਡ ਬਲੱਡ ਬੈਂਕ ਦਾ ਪਰਦੇਦਾਰੀ ਨੋਟਿਸ

## ਤੁਹਾਡੀ ਪਰਦੇਦਾਰੀ ਪ੍ਰਤੀ ਸਾਡੀ ਵਚਨਬੱਧਤਾ

ਸਾਡੀ ਵਚਨਬੱਧਤਾ:

ਕੈਨੇਡੀਅਨ ਬਲੱਡ ਸਰਵਿਸਜ਼ ਵਿਖੇ ਅਸੀਂ ਸਾਡੇ ਕਬਜ਼ੇ ਹੇਠ ਸਾਰੀ ਨਿੱਜੀ ਜਾਣਕਾਰੀ ਦੀ ਪਰਦੇਦਾਰੀ ਅਤੇ ਸੁਰੱਖਿਆ ਦੀ ਰੱਖਿਆ ਕਰਨ ਵਾਸਤੇ ਵਚਨਬੱਧ ਹਾਂ। ਅਸੀਂ ਅਜਿਹਾ ਸਬੰਧਿਤ ਕਨੂੰਨਾਂ ਅਤੇ ਸਰਵੋਤਮ ਰਵਾਇਤਾਂ ਦੀ ਪਾਲਣਾ ਕਰਨ ਦੁਆਰਾ ਕਰਦੇ ਹਾਂ ਅਤੇ ਅਸੀਂ ਤੁਹਾਨੂੰ ਸਾਡੀ ਵੈੱਬਸਾਈਟ www.blood.ca/privacy ’ਤੇ ਸਾਡੀ ਪਰਦੇਦਾਰੀ ਨੀਤੀ ਨੂੰ ਪੜ੍ਹਨ ਲਈ ਉਤਸ਼ਾਹਤ ਕਰਦੇ ਹਾਂ।

ਮਕਸਦ:

ਕੈਨੇਡੀਅਨ ਬਲੱਡ ਸਰਵਿਸਜ਼ OneMatch ਸਟੈੱਮ ਸੈੱਲ ਐਂਡ ਮਾਰੋ ਨੈੱਟਵਰਕ (OneMatch Stem Cell and Marrow Network) ਅਤੇ ਕੋਰਡ ਬਲੱਡ ਬੈਂਕ ਦਾ ਪ੍ਰਬੰਧਨ ਕਰਦੀ ਹੈ।

ਕੋਰਡ ਬਲੱਡ ਬੈਂਕ ਦਾ ਮਕਸਦ ਹੈ ਗੈਰ-ਸਬੰਧਿਤ ਸਟੈੱਮ ਸੈੱਲ ਪ੍ਰਤੀਰੋਪਣ (transplant) ਵਾਸਤੇ ਦਾਨ ਕੀਤੇ ਨਾੜੂਏ ਦੇ ਖ਼ੂਨ ਲਈ ਭਰਤੀ ਕਰਨਾ, ਇਸ ਨੂੰ ਇਕੱਤਰ ਕਰਨਾ, ਇਸ ਉੱਤੇ ਪ੍ਰਕਿਰਿਆ ਕਰਨਾ ਅਤੇ ਸਟੋਰ ਕਰਨਾ। ਦਾਨ ਕੀਤੇ ਨਾੜੂਏ ਦੇ ਖ਼ੂਨ ਦੇ ਯੂਨਿਟਾਂ ਨੂੰ OneMatch ਸਟੈੱਮ ਸੈੱਲ ਐਂਡ ਮਾਰੋ ਨੈੱਟਵਰਕ ਰਜਿਸਟਰੀ ’ਤੇ ਉਹਨਾਂ ਮਰੀਜ਼ਾਂ ਨਾਲ ਸੰਭਾਵੀ ਮੇਲ਼ ਲੱਭਣ ਦੇ ਮਕਸਦਾਂ ਵਾਸਤੇ ਸੂਚੀਬੱਧ ਕੀਤਾ ਜਾਵੇਗਾ ਜਿੰਨ੍ਹਾਂ ਨੂੰ ਸਟੈੱਮ ਸੈੱਲ ਪ੍ਰਤੀਰੋਪਣਾਂ ਦੀ ਲੋੜ ਹੈ।

ਨਿੱਜੀ ਜਾਣਕਾਰੀ ਕੀ ਹੈ?

ਨਿੱਜੀ ਜਾਣਕਾਰੀ, ਜਿਸ ਵਿੱਚ ਨਿੱਜੀ ਸਿਹਤ ਜਾਣਕਾਰੀ ਵੀ ਸ਼ਾਮਲ ਹੈ, ਉਹ ਜਾਣਕਾਰੀ ਹੈ ਜਿਸ ਦੀ ਵਰਤੋਂ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਪਛਾਣ ਕਰਨ ਲਈ ਕੀਤੀ ਜਾ ਸਕਦੀ ਹੈ। ਇਸ ਵਿੱਚ ਅਜਿਹੇ ਵਿਸਥਾਰ ਵੀ ਸ਼ਾਮਲ ਹਨ ਜਿਵੇਂ ਕਿ ਨਾਮ, ਈਮੇਲ ਪਤਾ, ਡਾਕ ਪਤਾ, ਜਨਮ-ਤਾਰੀਖ਼, ਸਿਹਤ ਦੀ ਅਵਸਥਾ, ਟੈਸਟ ਦੇ ਨਤੀਜੇ ਅਤੇ ਸੂਬਾਈ ਸਿਹਤ ਕਾਰਡ ਨੰਬਰ।

ਨਿੱਜੀ ਜਾਣਕਾਰੀ ਨੂੰ ਇਕੱਤਰ ਕਰਨਾ:

ਤੁਹਾਡੇ ਦੁਆਰਾ ਕੋਰਡ ਬਲੱਡ ਬੈਂਕ ਵਿੱਚ ਭਾਗ ਲੈਣ ਵਾਸਤੇ, ਅਸੀਂ ਤੁਹਾਡੇ ਹਸਪਤਾਲ ਦੇ ਰਿਕਾਰਡਾਂ ਤੋਂ, ਅਨੁਰੂਪਤਾ ਅਤੇ ਸੰਕਰਮਣਯੋਗ ਬਿਮਾਰੀ ਲਈ ਟੈਸਟ ਕਰਨ ਵਾਸਤੇ ਸਾਡੇ ਵੱਲੋਂ ਤੁਹਾਡੇ ਕੋਲੋਂ ਲਏ ਜਾਂਦੇ ਖ਼ੂਨ ਦੇ ਨਮੂਨਿਆਂ ਤੋਂ, ਅਤੇ ਨਾਲ ਹੀ ਸਿਹਤ ਪ੍ਰਸ਼ਨਾਵਲੀ ਦੇ ਤੁਹਾਡੇ ਵੱਲੋਂ ਦਿੱਤੇ ਗਏ ਜਵਾਬਾਂ ਤੋਂ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਨਿੱਜੀ ਜਾਣਕਾਰੀ ਇਕੱਤਰ ਕਰਾਂਗੇ। ਅਸੀਂ ਇਹ ਨਿਰਣਾ ਕਰਨ ਲਈ ਸਾਡੇ ਰਿਕਾਰਡਾਂ ਦੀ ਸਮੀਖਿਆ ਕਰਾਂਗੇ ਕਿ ਕੀ ਤੁਸੀਂ ਕਦੇ ਵੀ ਖ਼ੂਨ ਜਾਂ ਬਾਲਗ ਸਟੈੱਮ ਸੈੱਲਾਂ ਨੂੰ ਦਾਨ ਕੀਤਾ ਹੈ ਜਾਂ ਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ ਜਾਂ ਕੀ ਤੁਸੀਂ ਕਦੇ ਵੀ ਇੱਕ ਸੰਭਾਵੀ ਸਟੈੱਮ ਸੈੱਲ ਦਾਨੀ ਵਜੋਂ OneMatch ਸਟੈੱਮ ਸੈੱਲ ਐਂਡ ਮਾਰੋ ਨੈੱਟਵਰਕ ਦੇ ਮੈਂਬਰ ਬਣੇ ਹੋ ਜਾਂ ਬਣਨ ਦੀ ਕੋਸ਼ਿਸ਼ ਕੀਤੀ ਹੈ। ਸਾਨੂੰ ਇਹ ਜਾਣਕਾਰੀ ਇਕੱਤਰ ਕਰਨ ਦੀ ਲੋੜ ਹੈ ਤਾਂ ਜੋ ਅਸੀਂ ਇਹ ਨਿਰਣਾ ਕਰ ਸਕੀਏ ਕਿ ਕੀ ਇਕੱਤਰ ਕੀਤਾ ਗਿਆ ਨਾੜੂਏ ਦਾ ਖ਼ੂਨ ਕਿਸੇ ਸੰਭਾਵੀ ਮਰੀਜ਼ ਵਿੱਚ ਪ੍ਰਤੀਰੋਪਣ ਕਰਨ ਲਈ ਅਗਲੇਰੀ ਪ੍ਰਕਿਰਿਆ ਕਰਨ ਵਾਸਤੇ ਅਤੇ ਸਟੋਰ ਕਰਨ ਵਾਸਤੇ ਢੁਕਵਾਂ ਹੈ। ਇਸ ਜਾਣਕਾਰੀ ਨੂੰ ਇੱਕ ਇਲੈਕਟਰਾਨਿਕ ਡੈਟਾਬੇਸ ਵਿੱਚ ਪਾਇਆ ਜਾਵੇਗਾ ਜੋ ਕੈਨੇਡੀਅਨ ਬਲੱਡ ਸਰਵਿਸਜ਼ ਦੇ OneMatch ਸਟੈੱਮ ਸੈੱਲ ਐਂਡ ਮਾਰੋ ਨੈੱਟਵਰਕ ਦਾ ਭਾਗ ਹੈ, ਜਿਸ ਵਾਸਤੇ ਸਰਵਰ ਓਟਾਵਾ, ਓਨਟੈਰੀਓ ਵਿਖੇ ਸਥਿਤ ਹਨ। ਕਿਉਂਕਿ ਤੁਹਾਡੀ ਨਿੱਜੀ ਜਾਣਕਾਰੀ ਨੂੰ ਓਨਟੈਰੀਓ ਵਿਖੇ ਰੱਖਿਆ ਜਾਵੇਗਾ, ਇਸ ਲਈ ਇਹ ਓਨਟੈਰੀਓ ਦੇ ਪਰਦੇਦਾਰੀ ਕਨੂੰਨਾਂ ਤਹਿਤ ਅਤੇ ਨਾਲ ਹੀ ਤੁਹਾਡੇ ਆਪਣੇ ਸੂਬੇ ਦੇ ਕਿਸੇ ਪਰਦੇਦਾਰੀ ਕਨੂੰਨਾਂ ਤਹਿਤ ਹੋ ਸਕਦੀ ਹੈ।

ਜੇ ਇਹ ਨਿਰਣਾ ਕੀਤਾ ਜਾਂਦਾ ਹੈ ਕਿ ਸਾਡੇ ਵੱਲੋਂ ਇਕੱਤਰ ਕੀਤਾ ਨਾੜੂਏ ਦੇ ਖ਼ੂਨ ਦਾ ਯੂਨਿਟ ਸਟੋਰ ਕਰਨ ਲਈ ਢੁਕਵਾਂ ਨਹੀਂ ਹੈ, ਤਾਂ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਸਾਡੇ ਵੱਲੋਂ ਇਕੱਤਰ ਕੀਤੀ ਗਈ ਨਿੱਜੀ ਜਾਣਕਾਰੀ OneMatch ਸਟੈੱਮ ਸੈੱਲ ਐਂਡ ਮਾਰੋ ਨੈੱਟਵਰਕ ਡੈਟਾਬੇਸ ਵਿੱਚ ਰਹੇਗੀ ਤਾਂ ਜੋ ਅਸੀਂ ਉਹਨਾਂ ਲੋਕਾਂ ਦਾ ਇੱਕ ਰਿਕਾਰਡ ਰੱਖ ਸਕੀਏ ਜਿੰਨ੍ਹਾਂ ਨੇ ਕੋਰਡ ਬਲੱਡ ਬੈਂਕ ਵਿੱਚ ਭਾਗ ਲੈਣ ਦੀ ਕੋਸ਼ਿਸ਼ ਕੀਤੀ ਹੈ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਦੇ ਹਾਂ?

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਅਤੇ ਤੁਹਾਡੇ ਬੱਚੇ ਦੀ ਨਿੱਜੀ ਜਾਣਕਾਰੀ ਦੀ ਵਰਤੋਂ ਇਹਨਾਂ ਕੰਮਾਂ ਲਈ ਕਰ ਸਕਦੇ ਹਾਂ:

- ਨਾੜੂਏ ਦੇ ਖ਼ੂਨ ਦੇ ਯੂਨਿਟ ਨੂੰ ਸਟੋਰ ਕਰਨ ਲਈ ਤੁਹਾਡੀ ਯੋਗਤਾ ਦਾ ਮੁਲਾਂਕਣ ਕਰਨਾ;
- ਪ੍ਰਤੀਰੋਪਣ ਲਈ ਨਾੜੂਏ ਦੇ ਖ਼ੂਨ ਦੇ ਯੂਨਿਟ ਦੀ ਚੋਣ ਕਰਨਾ;

- ਜੇ ਨਾੜੂਏ ਦੇ ਖ਼ੂਨ ਦਾ ਯੂਨਿਟ ਸਟੋਰੇਜ ਵਾਸਤੇ ਢੁਕਵਾਂ ਹੈ ਤਾਂ ਤੁਹਾਡੇ ਬੱਚੇ ਦੇ ਜਨਮ ਦੇ ਬਾਅਦ ਤੁਹਾਡੇ ਬੱਚੇ ਦੀ ਸਿਹਤ ਬਾਰੇ ਪੁੱਛਗਿੱਛ ਕਰਨ ਲਈ ਤੁਹਾਡੇ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਨਾ;
- ਜੇ ਜ਼ਰੂਰੀ ਹੋਵੇ, ਤਾਂ ਸੁਰੱਖਿਆ ਕਾਰਨਾਂ ਕਰਕੇ ਤੁਹਾਡੇ ਨਾਲ ਸੰਪਰਕ ਕਰਨਾ;
- ਜੇ ਤੁਸੀਂ ਤੁਹਾਡੀ ਸਿਹਤ ਜਾਂ ਤੁਹਾਡੇ ਬੱਚੇ ਦੀ ਸਿਹਤ ਬਾਰੇ ਅਜਿਹੀਆਂ ਸਮੱਸਿਆਵਾਂ ਦੀ ਰਿਪੋਰਟ ਕਰਦੇ ਹੋ ਜੋ ਨਾੜੂਏ ਦੇ ਖ਼ੂਨ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ, ਤਾਂ ਇਹਨਾਂ ਦਾ ਸਮਰਥਨ ਕਰਦੇ ਦਸਤਾਵੇਜ਼ਾਂ ਦੀ ਬੇਨਤੀ ਕਰਨ ਲਈ ਤੁਹਾਡੇ ਡਾਕਟਰ ਨਾਲ ਸੰਪਰਕ ਕਰਨਾ;
- ਸਾਡੇ ਪ੍ਰੋਗਰਾਮਾਂ ਨੂੰ ਹੋਰ ਬਿਹਤਰ ਅਤੇ ਵਧੇਰੇ ਸੁਯੋਗ ਬਣਾਉਣਾ;
- ਅਮਲੇ ਦੇ ਕਿਸੇ ਮੈਂਬਰ ਦੇ ਚਾਣਚੱਕ ਤੁਹਾਡੇ ਖ਼ੂਨ ਦੇ ਸੰਪਰਕ ਵਿੱਚ ਆਉਣ ਦੀ ਸੂਰਤ ਵਿੱਚ ਤੁਹਾਡੇ ਟੈਸਟ ਦੇ ਨਤੀਜਿਆਂ ਤੱਕ ਪਹੁੰਚ ਕਰਨਾ;
- ਕੈਨੇਡੀਅਨ ਬਲੱਡ ਸਰਵਿਸਜ਼ ਦੇ ਪ੍ਰੋਗਰਾਮਾਂ ਅਤੇ ਦਾਨੀਆਂ ਲਈ ਸਮਾਗਮਾਂ ਸਬੰਧੀ ਤੁਹਾਨੂੰ ਸਲਾਹ ਦੇਣਾ;
- ਕੈਨੇਡੀਅਨ ਬਲੱਡ ਸਰਵਿਸਜ਼ ਬਾਰੇ ਈ-ਸੂਚਨਾਪੱਤਰਾਂ ਅਤੇ ਈ-ਰਸਾਲਿਆਂ ਵਰਗੀਆਂ ਸਮੱਗਰੀਆਂ ਭੇਜਣਾ ਅਤੇ ਨਾਲ ਹੀ ਅਨਸਬਸਕ੍ਰਾਈਬ ਕਰਨ ਦਾ ਵਿਕਲਪ ਵੀ ਦੇਣਾ ਜੇਕਰ ਤੁਸੀਂ ਇਹਨਾਂ ਨੂੰ ਪ੍ਰਾਪਤ ਨਹੀਂ ਕਰਨਾ ਚਾਹੁੰਦੇ;
- ਸਾਡੀਆਂ ਸਿੱਖਿਆ ਅਤੇ ਸਿਖਲਾਈ ਸਰਗਰਮੀਆਂ ਦਾ ਸਮਰਥਨ ਕਰਨਾ;
- ਗੁਣਵੱਤਾ ਕੰਟਰੋਲ ਲਈ ਟੈਸਟ ਕਰਨਾ ਅਤੇ ਪ੍ਰਕਿਰਿਆ ਵਿੱਚ ਸੁਧਾਰ ਕਰਨਾ;
- ਕਿਸੇ ਸੰਕਰਮਣਯੋਗ ਬਿਮਾਰੀ ਵਾਸਤੇ ਤੁਹਾਡੇ ਖ਼ੂਨ ਦੇ ਨਮੂਨਿਆਂ ਦੇ ਟੈਸਟਾਂ ਦਾ ਨਤੀਜਾ ਪਾਜੇਟਿਵ ਆਉਣ ਦੀ ਸੂਰਤ ਵਿੱਚ ਖ਼ੂਨ, ਖ਼ੂਨ ਦੇ ਉਤਪਾਦਾਂ ਅਤੇ ਸਟੈੱਮ ਸੈੱਲਾਂ ਦੀ ਸਲਾਮਤੀ ਦੀ ਰੱਖਿਆ ਕਰਨਾ;
- ਕਾਨੂੰਨੀ ਅਤੇ ਅਧਿਨਿਯਮਕ ਲੋੜਾਂ ਦੀ ਤਾਮੀਲ ਕਰਨਾ;
- ਕਨੂੰਨ ਦੁਆਰਾ ਤਜਵੀਜ਼ ਕੀਤੇ ਕਿਸੇ ਹੋਰ ਮਕਸਦਾਂ ਦੀ ਪਾਲਣਾ ਕਰਨਾ; ਅਤੇ
- ਸਾਡੀਆਂ ਫ਼ੰਡ ਇਕੱਤਰ ਕਰਨ ਦੀਆਂ ਸਰਗਰਮੀਆਂ ਬਾਰੇ ਤੁਹਾਡੇ ਨਾਲ ਸੰਪਰਕ ਕਰਨਾ। ਜੇ ਤੁਸੀਂ ਸਾਡੀ ਫ਼ੰਡ ਇਕੱਤਰ ਕਰਨ ਲਈ ਸੰਪਰਕ ਸੂਚੀ ਤੋਂ ਆਪਣਾ ਨਾਮ ਵਾਪਸ ਲੈਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ 1 888 2 DONATE (1-888-236-6283) ਨੂੰ ਕਾਲ ਕਰੋ ਅਤੇ ਸਾਡੇ ਨੈਸ਼ਨਲ ਫ਼ੰਡਰੇਜ਼ਿੰਗ ਆਫਿਸ ਵਾਸਤੇ ਪੁੱਛੋ।

ਤੁਹਾਡੀ ਨਿੱਜੀ ਜਾਣਕਾਰੀ ਇਹਨਾਂ ਨਾਲ ਸਾਂਝੀ ਕੀਤੀ ਜਾ ਸਕਦੀ ਹੈ:

- ਕਿਸੇ ਸਿਹਤ ਸਬੰਧੀ ਜੋਖਮ ਦੀ ਰਿਪੋਰਟ ਕਰਨ ਲਈ ਤੁਹਾਡੇ ਡਾਕਟਰ ਨਾਲ;
- ਕਿਸੇ ਸੰਕਰਮਣਯੋਗ ਬਿਮਾਰੀ ਦੇ ਟੈਸਟ ਦੇ ਪਾਜੇਟਿਵ ਨਤੀਜਿਆਂ ਦੀ ਰਿਪੋਰਟ ਕਰਨ ਲਈ ਜਨਤਕ ਸਿਹਤ ਅਥਾਰਟੀਆਂ ਨਾਲ। ਇਸ ਜਾਣਕਾਰੀ ਨੂੰ ਹੋਰਨਾਂ ਕੈਨੇਡੀਅਨ ਬਲੱਡ ਆਪਰੇਟਰਾਂ ਨਾਲ ਵੀ ਸਾਂਝੀ ਕੀਤਾ ਜਾ ਸਕਦਾ ਹੈ ਤਾਂ ਜੋ ਖ਼ੂਨ ਅਤੇ ਖ਼ੂਨ ਦੀ ਸਪਲਾਈ ਦੀ ਸਲਾਮਤੀ ਨੂੰ ਯਕੀਨੀ ਬਣਾਇਆ ਜਾ ਸਕੇ;
- ਕੈਨੇਡੀਅਨ ਪ੍ਰਤੀਰੋਪਣ ਕੇਂਦਰਾਂ ਅਤੇ ਅੰਤਰਰਾਸ਼ਟਰੀ ਰਜਿਸਟਰੀਆਂ ਦੇ ਨਾਲ। ਜਦ ਅਸੀਂ ਜਾਣਕਾਰੀ ਦਾ ਖੁਲਾਸਾ ਪ੍ਰਤੀਰੋਪਣ ਪ੍ਰੋਗਰਾਮ ਦੇ ਸਿਹਤ ਸੰਭਾਲ ਪ੍ਰਦਾਨਕਾਂ ਜਾਂ ਰਜਿਸਟਰੀਆਂ ਨੂੰ ਕਰਦੇ ਹਾਂ ਤਾਂ ਅਸੀਂ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਗੱਲਬਾਤ ਸਿਰਫ਼ ਇੱਕ ਵਿਲੱਖਣ ਦਾਨੀ ਨੰਬਰ ਦੀ ਵਰਤੋਂ ਕਰਦੇ ਹੋਏ ਕਰਾਂਗੇ।
- ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ 'ਤੇ ਪੜਤਾਲੀਆ ਟੈਸਟ ਕਰਨ ਦੇ ਮਕਸਦ ਵਾਸਤੇ ਇੱਕ ਤੀਜੀ ਧਿਰ ਦੀ ਪ੍ਰਯੋਗਸ਼ਾਲਾ ਨਾਲ, ਬਸ਼ਰਤੇ ਉਹ ਇਸ ਜਾਣਕਾਰੀ ਨੂੰ ਗੁਪਤ ਰੱਖਣ ਵਾਸਤੇ ਸਹਿਮਤ ਹੋਣ;
- ਮਾਨਤਾ ਦੇਣ ਵਾਲੀਆਂ ਜਾਂ ਅਧਿਨਿਯਮਕ ਸੰਸਥਾਵਾਂ ਦੇ ਨਾਲ ਬਸ਼ਰਤੇ ਉਹ ਇਸ ਨੂੰ ਗੁਪਤ ਰੱਖਣ ਲਈ ਸਹਿਮਤ ਹੋਣ; ਅਤੇ
- ਕਨੂੰਨ ਵੱਲੋਂ ਅਧਿਕਾਰਿਤ ਜਾਂ ਲੋੜੀਂਦਾ ਬਣਾਏ ਗਏ ਹੋਰ ਲੋਕਾਂ ਨਾਲ।

ਖੋਜ:

ਜੇ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ, ਜਾਂ ਇਸਦੇ ਸਹਿ-ਉਤਪਾਦਾਂ, ਨੂੰ ਤੁਹਾਡੀ ਸਹਿਮਤੀ ਨਾਲ ਜੀਵ-ਡਾਕਟਰੀ ਖੋਜ ਵਾਸਤੇ ਵੰਡਿਆ ਗਿਆ ਹੈ, ਤਾਂ ਕੈਨੇਡੀਅਨ ਬਲੱਡ ਸਰਵਿਸਜ਼ ਖੋਜਕਾਰਾਂ ਨੂੰ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਘੱਟੋ ਘੱਟ ਜਾਣਕਾਰੀ ਦਾ ਖੁਲਾਸਾ ਕਰੇਗੀ ਜਿਵੇਂ ਕਿ ਇਕੱਤਰ ਕਰਨ ਦੀ ਤਾਰੀਖ਼, ਤੁਹਾਡੇ ਬੱਚੇ ਦਾ ਲਿੰਗ ਅਤੇ ਉਹ ਕਸੌਟੀਆਂ ਜਿੰਨ੍ਹਾਂ ਦੀ ਵਰਤੋਂ ਅਸੀਂ ਇਹ ਨਿਰਣਾ ਕਰਨ ਲਈ ਕੀਤੀ ਕਿ ਤੁਹਾਡੇ ਬੱਚੇ ਦੇ ਨਾੜੂਏ ਦਾ ਖ਼ੂਨ ਸਟੋਰੇਜ ਵਾਸਤੇ ਅਢੁਕਵਾਂ ਸੀ। ਜੀਵ-ਡਾਕਟਰੀ ਖੋਜ ਦੇ ਮਕਸਦਾਂ ਵਾਸਤੇ ਦਾਨ ਕੀਤੇ ਗਏ ਨਾੜੂਏ ਦੇ ਖ਼ੂਨ ਨੂੰ ਖੋਜਕਾਰਾਂ ਨੂੰ ਵੰਡੇ ਜਾਣ ਤੋਂ ਪਹਿਲਾਂ ਕੈਨੇਡੀਅਨ ਬਲੱਡ ਸਰਵਿਸਜ਼ ਦੁਆਰਾ ਸਾਰੇ ਨਿੱਜੀ ਪਛਾਣ ਕਾਰਕਾਂ ਨੂੰ ਹਟਾ ਦਿੱਤਾ ਜਾਵੇਗਾ ਅਤੇ ਇਹਨਾਂ ਦੀ ਥਾਂ 'ਤੇ ਇੱਕ ਵਿਲੱਖਣ ਕੋਡ ਦਿੱਤਾ ਜਾਵੇਗਾ। ਇਸ ਤਰ੍ਹਾਂ ਨਾਲ, ਖੋਜਕਾਰਾਂ ਨੂੰ ਇਹ ਪਤਾ ਨਹੀਂ ਹੋਵੇਗਾ ਕਿ ਨਾੜੂਏ ਦਾ ਖ਼ੂਨ ਕਿਸ ਨੇ ਦਾਨ ਕੀਤਾ ਸੀ। ਸਮੁੱਚੀ ਖੋਜ ਕੈਨੇਡੀਅਨ ਬਲੱਡ ਸਰਵਿਸਜ਼ ਦੇ ਖੋਜ ਨੈਤਿਕਤਾ ਬੋਰਡ (Research Ethics Board) ਵੱਲੋਂ ਮਨਜ਼ੂਰੀ ਦੇ ਤਹਿਤ ਹੁੰਦੀ ਹੈ ਅਤੇ ਇਸ ਵਿੱਚ ਉਸ

ਸਥਾਨ ਦੇ ਖੋਜ ਨੈਤਿਕਤਾ ਬੋਰਡਾਂ ਦੁਆਰਾ ਸਥਾਨਕ ਸਮੀਖਿਆ ਵੀ ਸ਼ਾਮਲ ਹੋ ਸਕਦੀ ਹੈ ਜਿੱਥੇ ਖੋਜ ਪ੍ਰੋਜੈਕਟ ਹੋ ਰਹੇ ਹਨ। ਕਿਸੇ ਵੀ ਖੋਜ ਪ੍ਰਕਾਸ਼ਨਾ ਜਾਂ ਪੇਸ਼ਕਾਰੀ ਵਿੱਚ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਪਛਾਣ ਨਹੀਂ ਕੀਤੀ ਜਾਵੇਗੀ।

ਕੋਰਡ ਬਲੱਡ ਬੈਂਕ ਤੋਂ ਨਾਮ ਵਾਪਸ ਲੈਣਾ:

ਕੈਨੇਡੀਅਨ ਬਲੱਡ ਸਰਵਿਸਜ਼ ਨੂੰ 1 888 2 DONATE (1-888-236-6283) 'ਤੇ ਸੰਪਰਕ ਕਰਕੇ ਤੁਸੀਂ ਕਿਸੇ ਵੀ ਸਮੇਂ ਕੋਰਡ ਬਲੱਡ ਬੈਂਕ ਵਿੱਚ ਭਾਗ ਲੈਣ ਲਈ ਆਪਣੀ ਸਹਿਮਤੀ ਵਾਪਸ ਲੈ ਸਕਦੇ ਹੋ। ਸਹਿਮਤੀ ਵਾਪਸ ਲੈਣ ਦੀ ਤਾਰੀਖ਼ ਤੱਕ ਇਕੱਤਰ ਕੀਤੀ ਗਈ ਸਾਰੀ ਨਿੱਜੀ ਜਾਣਕਾਰੀ OneMatch ਸਟੈੱਮ ਸੈੱਲ ਐਂਡ ਮਾਰੋ ਨੈੱਟਵਰਕ ਡੈਟਾਬੇਸ ਵਿੱਚ ਰਹੇਗੀ, ਪਰ ਤੁਹਾਡੇ ਜਾਂ ਤੁਹਾਡੇ ਬੱਚੇ ਬਾਰੇ ਕੋਈ ਹੋਰ ਨਿੱਜੀ ਜਾਣਕਾਰੀ ਇਕੱਤਰ ਨਹੀਂ ਕੀਤੀ ਜਾਵੇਗੀ ਜਾਂ ਸਾਡੇ ਰਿਕਾਰਡ ਵਿੱਚ ਸ਼ਾਮਲ ਨਹੀਂ ਕੀਤੀ ਜਾਵੇਗੀ। ਤੁਹਾਡੀ ਜਾਂ ਤੁਹਾਡੇ ਬੱਚੇ ਦੀ ਨਿੱਜੀ ਜਾਣਕਾਰੀ ਦੀ ਵਰਤੋਂ ਹੁਣ ਪ੍ਰਤੀਰੋਪਣ ਲਈ ਤੁਹਾਡੇ ਬੱਚੇ ਦੇ ਦਾਨ ਕੀਤੇ ਗਏ ਨਾੜੂਏ ਦੇ ਖੂਨ ਦੇ ਯੂਨਿਟ ਦੀ ਚੋਣ ਕਰਨ ਲਈ ਨਹੀਂ ਕੀਤੀ ਜਾਵੇਗੀ। ਜੇ ਜ਼ਰੂਰੀ ਹੋਇਆ, ਤਾਂ ਸੁਰੱਖਿਆ ਦੇ ਕਾਰਨਾਂ ਵਾਸਤੇ ਤੁਹਾਡੇ ਨਾਲ ਸੰਪਰਕ ਕਰਨ ਲਈ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਰ ਸਕਦੇ ਹਾਂ। ਜੇ ਤੁਸੀਂ ਸਹਿਮਤੀ ਵਾਪਸ ਲੈ ਲੈਂਦੇ ਹੋ, ਤਾਂ ਤੁਹਾਡੇ ਬੱਚੇ ਦੇ ਨਾੜੂਏ ਦੇ ਖੂਨ ਦੇ ਯੂਨਿਟ ਅਤੇ ਸਟੋਰ ਕੀਤੇ ਸਾਰੇ ਨਮੂਨਿਆਂ ਨੂੰ ਖਾਰਜ ਕਰ ਦਿੱਤਾ ਜਾਵੇਗਾ (ਜੇਕਰ ਇਸ ਨੂੰ ਪਹਿਲਾਂ ਹੀ ਗੁਣਵੱਤਾ ਯਕੀਨੀ ਬਣਾਉਣ, ਪ੍ਰਤੀਰੋਪਣ, ਜਾਂ ਜੀਵ-ਡਾਕਟਰੀ ਖੋਜ ਵਾਸਤੇ ਨਹੀਂ ਵਰਤ ਲਿਆ ਗਿਆ)।

ਸਾਡੇ ਨਾਲ ਸੰਪਰਕ ਕਿਵੇਂ ਕਰਨਾ ਹੈ:

ਸਾਡੀਆਂ ਪਰਦੇਦਾਰੀ ਅਤੇ ਪਹੁੰਚ ਕਰਨ ਸਬੰਧੀ ਰਵਾਇਤਾਂ ਬਾਰੇ ਹੋਰ ਜਾਣਕਾਰੀ ਵਾਸਤੇ, ਜਾਂ ਤੁਹਾਡੀ ਨਿੱਜੀ ਜਾਣਕਾਰੀ ਤੱਕ ਪਹੁੰਚ ਕਰਨ ਜਾਂ ਇਸ ਵਿੱਚ ਸੋਧ ਕਰਨ ਦੀ ਬੇਨਤੀ ਕਰਨ ਵਾਸਤੇ ਤੁਸੀਂ ਸਾਡੇ ਪ੍ਰਾਈਵੇਸੀ ਐਂਡ ਐਕਸੈੱਸ ਟੂ ਇਨਫਰਮੇਸ਼ਨ ਆਫਿਸ ਨਾਲ ਨਿਮਨਲਿਖਤ ਅਨੁਸਾਰ ਸੰਪਰਕ ਕਰ ਸਕਦੇ ਹੋ:

ਲਿਖਤੀ ਰੂਪ ਵਿੱਚ:

Canadian Blood Services
Privacy and Access to Information Office
1800 Alta Vista Drive
Ottawa, ON K1G 4J5
ਵੈੱਬਸਾਈਟ: www.blood.ca

ਫ਼ੋਨ ਦੁਆਰਾ:

1-613-739-2483
1-877-262-9191 (toll free)

ਈਮੇਲ ਦੁਆਰਾ:

Privacy Office - privacy@blood.ca
Access to Information Office - ati@blood.ca

ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਕੈਨੇਡੀਅਨ ਬਲੱਡ ਸਰਵਿਸਜ਼ ਦੁਆਰਾ ਤੁਹਾਡੇ ਸ਼ੰਕਿਆਂ ਨੂੰ ਨਵਿਰਤ ਨਹੀਂ ਕੀਤਾ ਗਿਆ ਤਾਂ ਤੁਹਾਨੂੰ ਆਪਣੇ ਸੂਬੇ ਦੇ ਪ੍ਰਾਈਵੇਸੀ ਕਮਿਸ਼ਨਰ ਨਾਲ ਏਥੇ ਸੰਪਰਕ ਕਰਨ ਦਾ ਅਧਿਕਾਰ ਹੈ:

ਓਨਟੈਰੀਓ: http://www.ipc.on.ca